Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Vol 19*Issue 123 | Wednesday, July 01, 2020 | Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

# ਕੈਨੇਡਾ ਸਮੇਤ 14 ਦੇਸ਼ਾਂ ਲਈ ਯੂਰਪੀਅਨ ਯੂਨੀਅਨ ਨੇ ਖੋਲ੍ਹੇ ਆਪਣੇ ਦਰਵਾਜ਼ੇ

## ਅਮਰੀਕੀ ਨਾਗਰਿਕਾਂ ਨੂੰ ਯੂਰਪੀ ਦੇਸ਼ਾਂ ਵਿੱਚ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ



ਬਰਸਲਜ਼, 30 ਜੂਨ (ਪੋਸਟ ਬਿਊਰੋ) : ਯੂਰਪੀਅਨ ਯੂਨੀਅਨ ਨੇ ਮੰਗਲਵਾਰ ਨੂੰ ਐਲਾਨ ਕੀਤਾ ਕਿ ਉਹ 14 ਦੇਸ਼ਾਂ ਦੇ ਯਾਤਰੀਆਂ ਲਈ ਆਪਣੀ ਸਰਹੱਦ ਖੋਲ੍ਹਣ ਜਾ ਰਹੀ ਹੈ।

ਇਸ ਸੂਚੀ ਵਿੱਚ ਕੈਨੇਡੀਅਨ ਵੀ ਸ਼ਾਮਲ ਹਨ ਪਰ ਕਰੋਨਾਵਾਇਰਸ ਦੇ ਹੱਦੋਂ ਵੱਧ ਮਾਮਲਿਆਂ ਕਾਰਨ ਅਜੇ ਦੋ ਹੋਰ ਹਫਤਿਆਂ ਲਈ ਅਮਰੀਕੀ ਨਾਗਰਿਕਾਂ ਨੂੰ ਯੂਰਪੀ ਦੇਸ਼ਾਂ ਵਿੱਚ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਰੂਸ, ਬ੍ਰਾਜ਼ੀਲ ਤੇ ਭਾਰਤ ਤੋਂ ਆਉਣ ਵਾਲੇ ਯਾਤਰੀਆਂ ਨੂੰ ਵੀ ਯੂਰਪੀ ਦੇਸ਼ਾਂ ਵਿੱਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਹੋਵੇਗੀ।

ਕਰੋਨਾਵਾਇਰਸ ਤੋਂ ਝੰਬੇ ਹੋਏ ਯੂਰਪ ਦੇ ਅਰਥਚਾਰੇ ਨੂੰ ਮੁੜ ਪੈਰਾਂ ਸਿਰ ਕਰਨ ਲਈ ਗ੍ਰੀਸ, ਇਟਲੀ ਤੇ ਸਪੇਨ ਵਰਗੇ ਦੇਸ਼ ਆਪਣੀ ਟੂਰਿਜ਼ਮ ਇੰਡਸਟਰੀ ਵਿੱਚ ਰੂਹ ਫੂਕਣ ਲਈ ਪੱਬਾਂ ਭਾਰ ਹੋਏ ਪਏ ਹਨ। ਇਕ ਅੰਦਾਜ਼ੇ ਮੁਤਾਬਕ ਹਰ ਸਾਲ ਯੂਰਪ ਵਿੱਚ 15 ਮਿਲੀਅਨ ਅਮਰੀਕੀ ਟਰੈਵਲ ਕਰਦੇ ਹਨ ਜਦਕਿ 10 ਮਿਲੀਅਨ ਯੂਰਪੀਅਨ ਹੋਰਨਾਂ ਦੇਸ਼ਾਂ ਵਿੱਚ ਘੁੰਮਣ ਜਾਂਦੇ ਹਨ। ਯੂਰਪੀਅਨ ਯੂਨੀਅਨ ਦੇ 27 ਮੈਂਬਰ ਮੁਲਕਾਂ ਵਿੱਚ ਅੱਗੇ ਦੱਸੇ ਜਾ ਰਹੇ ਦੇਸ਼ਾਂ ਦੇ ਨਾਗਰਿਕਾਂ ਨੂੰ ਘੁੰਮਣ ਫਿਰਨ ਦੀ ਇਜਾਜ਼ਤ ਹੋਵੇਗੀ : ਅਲਜ਼ੀਰੀਆ, ਆਸਟਰੇਲੀਆ, ਕੈਨੇਡਾ, ਜਾਰਜੀਆ, ਜਾਪਾਨ, ਮੌਂਟੇਨੈਗਰੋ, ਮੋਰੌਕੋ, ਨਿਊਜ਼ੀਲੈਂਡ, ਰਵਾਂਡਾ, ਸਰਬੀਆ, ਸਾਊਥ ਕੋਰੀਆ, ਥਾਈਲੈਂਡ, ਟਿਊਨੇਸ਼ੀਆ ਤੇ ਉਰੂਗੁਏ।

ਯੂਰਪੀਅਨ ਯੂਨੀਅਨ ਦਾ ਕਹਿਣਾ ਹੈ ਕਿ ਚੀਨ ਦੇ ਨਾਗਰਿਕਾਂ ਨੂੰ ਇਸ ਸ਼ਰਤ ਉੱਤੇ ਹੀ ਯੂਰਪੀਅਨ ਦੇਸ਼ਾਂ ਵਿੱਚ ਦਾਖਲ ਹੋਣ ਦੀ ਇਜਾਜ਼ਤ ਹੋਵੇਗੀ ਜੇ ਉਹ ਯੂਰਪੀਅਨ ਨਾਗਰਿਕਾਂ ਨੂੰ ਉੱਥੇ ਦਾਖਲ ਹੋਣ ਦੀ ਇਜਾਜ਼ਤ ਦੇਵੇਗਾ। ਇਸ ਸੂਚੀ ਨੂੰ ਹਰ 14 ਦਿਨਾਂ ਬਾਅਦ ਅਪਡੇਟ ਕੀਤਾ ਜਾਵੇਗਾ। ਮਹਾਂਮਾਰੀ ਨੂੰ ਕਾਬੂ ਵਿੱਚ ਰੱਖਣ ਦੇ ਆਧਾਰ ਉੱਤੇ ਇਸ ਵਿੱਚ ਕੁੱਝ ਨਵੇਂ ਦੇਸ਼ ਜੋੜੇ ਜਾ ਸਕਦੇ ਹਨ ਤੇ ਕੁੱਝ ਕੱਢੇ ਵੀ ਜਾ ਸਕਦੇ ਹਨ।

# ਅਪਰੈਲ ਵਿੱਚ ਅਰਥਚਾਰੇ ਨੇ ਖਾਧਾ 11.6 ਫੀ ਸਦੀ ਦਾ ਗੋਤਾ : ਸਟੈਟੇਸਟਿਕਸ ਕੈਨੇਡਾ




ਓਟਵਾ, 30 ਜੂਨ (ਪੋਸਟ ਬਿਊਰੋ) : ਸਟੈਟੇਸਟਿਕਸ ਕੈਨੇਡਾ ਦਾ ਕਹਿਣਾ ਹੈ ਕਿ ਅਪਰੈਲ ਦੇ ਮਹੀਨੇ ਅਰਥਚਾਰੇ ਵਿੱਚ ਸੱਭ ਤੋਂ ਵੱਧ ਗਿਰਾਵਟ ਦਰਜ ਕੀਤੀ ਗਈ। ਮਹਾਂਮਾਰੀ ਕਾਰਨ ਅਰਥਚਾਰੇ ਵਿੱਚ ਇੱਕ ਤਰ੍ਹਾਂ ਖੜੋਤ ਆਈ ਹੋਈ ਸੀ। ਮਈ ਵਿੱਚ ਕਾਰੋਬਾਰ ਮੁੜ ਖੁੱਲ੍ਹਣ ਕਾਰਨ ਸਥਿਤੀ ਥੋੜ੍ਹੀ ਸੰਭਲਣ ਲੱਗੀ।

ਮੰਗਲਵਾਰ ਨੂੰ ਏਜੰਸੀ ਨੇ ਆਖਿਆ ਕਿ ਮਾਰਚ ਵਿੱਚ 7.5 ਫੀ ਸਦੀ ਗਿਰਾਵਟ ਨਾਲ ਗੈਰ ਜ਼ਰੂਰੀ ਕਾਰੋਬਾਰਾਂ ਦੇ ਬੰਦ ਹੋਣ ਨਾਲ ਕੁੱਲ ਘਰੇਲੂ ਉਤਪਾਦ (ਜੀਡੀਪੀ) ਅਪਰੈਲ ਵਿੱਚ 11.6 ਫੀ ਸਦੀ ਤੱਕ ਡਿੱਗ ਗਿਆ। ਸਟੈਟੇਸਟਿਕਸ ਕੈਨੇਡਾ ਨੇ ਆਖਿਆ ਕਿ ਉਨ੍ਹਾਂ ਦੇ ਅੰਦਾਜ਼ੇ ਮੁਤਾਬਕ ਮਈ ਵਿੱਚ ਤਿੰਨ ਫੀ ਸਦੀ ਵਿਕਾਸ ਦਰ ਹੋਣੀ ਚਾਹੀਦੀ ਸੀ। ਇਸ ਅੰਦਾਜ਼ੇ ਨੂੰ ਹੁਣ ਜੁਲਾਈ ਦੇ ਅੰਤ ਵਿੱਚ ਮੁੜ ਵਿਚਾਰਿਆ ਜਾਵੇਗਾ।

ਵਿੱਤ ਮਾਰਕਿਟ ਦੀ ਡਾਟਾ ਫਰਮ ਰੀਫਿਨਿਟਿਵ ਅਨੁਸਾਰ ਅਪਰੈਲ ਦੇ ਮਹੀਨੇ ਲਈ ਅਰਥਸ਼ਾਸਤਰੀਆਂ ਵੱਲੋਂ ਔਸਤ 13 ਫੀ ਸਦੀ ਦੀ ਗਿਰਾਵਟ ਦਾ ਅੰਦਾਜ਼ਾ ਲਾਇਆ ਗਿਆ ਸੀ। ਅਪਰੈਲ ਵਿੱਚ ਕਈ ਫੈਕਟਰੀਆਂ ਦੇ ਬੰਦ ਹੋਣ ਜਾਂ ਕੋਵਿਡ-19 ਦੇ ਪਸਾਰ ਨੂੰ ਰੋਕਣ ਲਈ ਕਈ ਫੈਕਟਰੀਆਂ ਵੱਲੋਂ ਆਪਣੀ ਸਮਰੱਥਾ ਘਟਾਏ ਜਾਣ ਕਾਰਨ ਉਤਪਾਦਨ 22.5 ਫੀ ਸਦੀ ਘੱਟ ਗਿਆ ਸੀ। ਇਸ ਕਦਮ ਨਾਲ ਆਟੋ-ਮੋਟਿਵ ਸੈਕਟਰ ਨੂੰ ਵੀ ਵੱਡੀ ਢਾਹ ਲੱਗੀ। ਮੋਟਰ ਵ੍ਹੀਕਲ ਦੇ ਕਾਰੋਬਾਰ ਵਿੱਚ ਵੀ 97.7 ਫੀ ਸਦੀ ਕਮੀ ਦਰਜ ਕੀਤੀ ਗਈ।

ਇੱਥੋਂ ਤੱਕ ਕਿ ਮਾਰਚ ਵਿੱਚ ਜਿਨ੍ਹਾਂ ਸੈਕਟਰਜ਼ ਨੂੰ ਕੋਈ ਨੁਕਸਾਨ ਨਹੀਂ ਸੀ ਪਹੁੰਚਿਆ ਅਪਰੈਲ ਵਿੱਚ ਉਹ ਵੀ ਨਹੀਂ ਬਚੇ ਜਿਵੇਂ ਕਿ ਫੂਡ ਉਤਪਾਦਨ, ਜਿਸ ਵਿੱਚ 12.8 ਫੀ ਸਦੀ ਦੀ ਗਿਰਾਵਟ ਅਪਰੈਲ ਵਿੱਚ ਰਿਕਾਰਡ ਕੀਤੀ ਗਈ। ਇਸ ਦੌਰਾਨ ਮੀਟ ਪ੍ਰੋਸੈਸਿੰਗ ਪਲਾਂਟਸ ਵਿੱਚ ਆਊਟਬ੍ਰੇਕਸ ਕਾਰਨ ਇਨ੍ਹਾਂ ਨੂੰ ਬੰਦ ਕਰਨਾ ਪਿਆ। ਅਕਮੋਡੇਸ਼ਨ ਤੇ ਫੂਡ ਸਰਵਿਸ ਸੈਕਟਰ ਵਿੱਚ 42.4 ਫੀ ਸਦੀ ਦੀ ਗਿਰਾਵਟ ਅਪਰੈਲ ਵਿੱਚ ਦਰਜ ਕੀਤੀ ਗਈ। ਲੋਕਾਂ ਨੇ ਘਰਾਂ ਵਿੱਚ ਰਹਿਣਾ ਸ਼ੁਰੂ ਕਰ ਦਿੱਤਾ ਤੇ ਬਾਹਰ ਖਾਣਾ ਖਾਣਾ ਬੰਦ ਕਰ ਦਿੱਤਾ ਗਿਆ। ਇਸ ਲਈ ਇਸ ਸੈਕਟਰ ਵਿੱਚ ਮਾਰਚ ਦੇ ਮਹੀਨੇ 37.1 ਫੀ ਸਦੀ ਦੀ ਕਮੀ ਰਿਕਾਰਡ ਕੀਤੀ ਗਈ।

ਬਾਰਜ਼ ਤੇ ਰੈਸਟੋਰੈਂਟ ਦੇ ਕਾਰੋਬਾਰ ਨੇ 40.8 ਫੀ ਸਦੀ ਗੋਤਾ ਖਾਧਾ ਤੇ ਅਕਮੋਡੇਸ਼ਨ ਦੇ ਕੰਮ ਵਿੱਚ 45.7 ਫੀ ਸਦੀ ਨਿਘਾਰ ਆਇਆ। ਖੇਡਾਂ ਦੇ ਖੇਤਰ ਨੂੰ ਵੀ ਢਾਹ ਲੱਗੀ, ਨੈਸ਼ਨਲ ਹਾਕੀ ਲੀਗ ਦਾ ਪੂਰਾ ਸੀਜ਼ਨ, ਨੈਸ਼ਨਲ ਬਾਸਕਿਟਬਾਲ ਐਸੋਸਿਏਸ਼ਨ, ਮੇਜਰ ਲੀਗ ਬੇਸਬਾਲ ਤੇ ਮੇਜਰ ਲੀਗ ਸੌਕਰ, ਗੱਲ ਕੀ ਸਾਰੀਆਂ ਖੇਡਾਂ ਠੱਪ ਪੈ ਗਈਆਂ। ਮਨੋਰੰਜਨ ਦੇ ਖੇਤਰ ਵਿੱਚ 25.6 ਫੀ ਸਦੀ ਦੀ ਕਮੀ ਦਰਜ ਕੀਤੀ ਗਈ। ਕੰਸਟ੍ਰਕਸ਼ਨ ਦਾ ਕੰਮ ਵੀ 22.9 ਫੀ ਸਦੀ ਨਾਲ ਪ੍ਰਭਾਵਿਤ ਹੋਇਆ। ਹੁਣ ਅਰਥਸ਼ਾਸਤਰੀਆਂ ਨੂੰ ਜੂਨ ਵਿੱਚ ਹੋਰ ਕਾਰੋਬਾਰ ਖੁੱਲ੍ਹਣ ਨਾਲ ਸਥਿਤੀ ਸੰਭਲਣ ਦੀ ਕੁੱਝ ਆਸ ਬੱਝੀ ਹੈ।

# ਆਪਣੇ 30 ਘਰੇਲੂ ਰੂਟਾਂ ਉੱਤੇ ਸੇਵਾਵਾਂ ਮੁਲਤਵੀ ਕਰੇਗੀ ਏਅਰ ਕੈਨੇਡਾ




ਓਨਟਾਰੀਓ, 30 ਜੂਨ (ਪੋਸਟ ਬਿਊਰੋ) : ਏਅਰ ਕੈਨੇਡਾ ਵੱਲੋਂ ਅਣਮਿੱਥੇ ਸਮੇਂ ਲਈ ਆਪਣੇ 30 ਘਰੇਲੂ ਰੂਟਾਂ ਉੱਤੇ ਸੇਵਾਵਾਂ ਮੁਲਤਵੀ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਦੇ ਨਾਲ ਹੀ ਰੀਜਨਲ ਏਅਰਪੋਰਟਸ ਉੱਤੇ ਅੱਠ ਸਟੇਸ਼ਨ ਵੀ ਬੰਦ ਕੀਤੇ ਜਾ ਰਹੇ ਹਨ।

ਏਅਰਲਾਈਨ ਨੇ ਆਖਿਆ ਕਿ ਇਹ ਕਟੌਤੀਆਂ ਮਹਾਂਮਾਰੀ ਕਾਰਨ ਟਰੈਵਲ ਉੱਤੇ ਲੱਗੀਆਂ ਪਾਬੰਦੀਆ ਤੇ ਸਰਹੱਦਾਂ ਬੰਦ ਹੋਣ ਕਾਰਨ ਦੋਵਾਂ ਕਾਰੋਬਾਰਾਂ ਦੀ ਘੱਟ ਰਹੀ ਮੰਗ ਦੇ ਮੱਦੇਨਜ਼ਰ ਕੀਤੀਆਂ ਜਾ ਰਹੀਆਂ ਹਨ। ਏਅਰ ਕੈਨੇਡਾ ਜਿਨ੍ਹਾਂ ਰੀਜਨਲ ਏਅਰਪੋਰਟਸ ਉੱਤੇ ਆਪਣੇ ਸਟੇਸ਼ਨ ਬੰਦ ਕਰ ਰਹੀ ਹੈ ਉਨ੍ਹਾਂ ਵਿੱਚ ਕਿਊਬਿਕ ਵਿੱਚ ਚਾਰ, ਓਨਟਾਰੀਓ ਵਿੱਚ ਦੋ ਤੇ ਨਿਊ ਬਰੰਜ਼ਵਿੱਕ ਤੇ ਨਿਊਫਾਊਂਡਲੈਂਡ ਐਂਡ ਲੈਬਰਾਡੌਰ ਵਿੱਚ ਇੱਕ ਇੱਕ ਸ਼ਾਮਲ ਹਨ।

ਓਨਟਾਰੀਓ ਵਿੱਚ ਪ੍ਰਭਾਵਿਤ ਹੋਣ ਵਾਲੇ ਏਅਰਪੋਰਟਸ ਵਿੱਚ ਨੌਰਥ ਬੇਅ ਤੇ ਕਿੰਗਸਟਨ ਸ਼ਾਮਲ ਹਨ। ਏਅਰ ਕੈਨੇਡਾ ਦਾ ਇਹ ਵੀ ਕਹਿਣਾ ਹੈ ਕਿ ਆਪਣੇ ਨੈੱਟਵਰਕ ਤੇ ਸ਼ਡਿਊਲ ਵਿੱਚ ਕਿਸੇ ਤਰ੍ਹਾਂ ਦੀ ਹੋਰ ਤਬਦੀਲੀ ਬਾਰੇ ਆਉਣ ਵਾਲੇ ਹਫਤਿਆਂ ਵਿੱਚ ਫੈਸਲਾ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਇਸ ਸਾਲ ਦੇ ਸ਼ੁਰੂ ਵਿੱਚ ਏਅਰਲਾਈਨ ਵੱਲੋਂ ਆਪਣੇ 20,000 ਕਰਮਚਾਰੀਆਂ ਦੀ ਛਾਂਗੀ ਕਰਨ ਦਾ ਐਲਾਨ ਕੀਤਾ ਗਿਆ ਸੀ।

# ਵਿਦੇਸ਼ੀ ਟਰੈਵਲਰਜ਼ ਦੇ ਕੈਨੇਡਾ ਦਾਖਲ ਹੋਣ ਉੱਤੇ ਲੱਗੀ ਪਾਬੰਦੀ 31 ਜੁਲਾਈ ਤੱਕ ਵਧੀ



ਓਟਵਾ, 30 ਜੂਨ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਨੂੰ ਅੱਗੇ ਫੈਲਣ ਤੋਂ ਰੋਕਣ ਲਈ ਫੈਡਰਲ ਸਰਕਾਰ ਵੱਲੋਂ ਵਿਦੇਸ਼ੀ ਟਰੈਵਲਰਜ਼ ਨੂੰ ਕੈਨੇਡਾ ਦਾਖਲ ਹੋਣ ਤੋਂ ਰੋਕਣ ਲਈ ਲਾਈਆਂ ਗਈਆਂ ਪਾਬੰਦੀਆਂ ਵਿੱਚ ਜੁਲਾਈ ਦੇ ਅੰਤ ਤੱਕ ਹੋਰ ਵਾਧਾ ਕਰ ਦਿੱਤਾ ਗਿਆ ਹੈ।

ਇਹ ਪਾਬੰਦੀਆਂ ਸਿਰਫ ਕੈਨੇਡੀਅਨ ਨਾਗਰਿਕਾਂ ਤੇ ਪਰਮਾਨੈਂਟ ਰੈਜ਼ੀਡੈਂਟਸ ਨੂੰ ਛੱਡ ਕੇ ਹੋਰਨਾਂ ਸਾਰਿਆਂ ਉੱਤੇ ਲਾਗੂ ਹੋਣਗੀਆਂ। ਜ਼ਰੂਰੀ ਕਾਰਨਾਂ ਕਰਕੇ ਕੈਨੇਡਾ ਵਿੱਚ ਦਾਖਲ ਹੋਣ ਵਾਲੇ ਅਮੈਰੀਕਨਜ਼ ਨੂੰ ਦਿੱਤੀਆਂ ਗਈਆਂ ਰਿਆਇਤਾਂ ਵੀ ਅੱਜ ਰਾਤ ਖ਼ਤਮ ਹੋਣ ਜਾ ਰਹੀਆਂ ਹਨ। ਇਹ ਹੁਕਮ ਸ਼ੁਰੂ ਵਿੱਚ ਮਾਰਚ ਵਿੱਚ ਲਾਗੂ ਕੀਤੇ ਗਏ ਸਨ ਤੇ ਹੁਣ ਇਹ 31 ਜੁਲਾਈ ਤੱਕ ਲਾਗੂ ਰਹਿਣਗੇ।

ਕੈਨੇਡੀਅਨ ਨਾਗਰਿਕਾਂ ਜਾਂ ਪਰਮਾਨੈਂਟ ਰੈਜ਼ੀਡੈਂਟਸ ਦੇ ਪਰਿਵਾਰਾਂ ਤੇ ਫਲਾਈਟ ਅਮਲੇ ਲਈ ਇਨ੍ਹਾਂ ਨਿਯਮਾਂ ਤੋਂ ਛੋਟ ਵੀ ਰੱਖੀ ਗਈ ਹੈ। ਅਮਰੀਕਾ ਤੇ ਕੈਨੇਡਾ ਦਰਮਿਆਨ ਗੈਰ-ਜ਼ਰੂਰੀ ਆਵਾਜਾਈ ਉੱਤੇ ਪਾਬੰਦੀ ਲਈ ਵੱਖਰੇ ਹੁਕਮ ਲਾਗੂ ਹਨ ਤੇ ਇਹ 21 ਜੁਲਾਈ ਤੱਕ ਪ੍ਰਭਾਵੀ ਰਹਿਣਗੇ। ਇਨ੍ਹਾਂ ਵਿੱਚ ਤਿੰਨ ਵਾਰੀ ਵਾਧਾ ਕੀਤਾ ਜਾ ਚੁੱਕਿਆ ਹੈ।

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axcel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axcel InsuranceBrokers Ltd. 1332 Khalsa Dr, Unit # 11, Mississauga, ON L5S 0A2

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ
ਗੋਇਲ ਟਰੈਵਲ
905.796.0000
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਸਰਲ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre | AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

You can Place Your Business Here (905)793-2202 To Reach Wider Audience

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
- Custom Kitchen Cabinets
- Legal Basement
- Completly Furnished
- Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E. #15, Mississauga, ON L5T 0B3
Shinder Kelley 905-362-0755

PEST PROBLEM ? Residential & Commercial
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
100% Customer Satisfaction
KSG Pest Control Inc.
Residential, Commercial www.ksgpestcontrol.ca ksgpestcontrol@gmail.com
Amarjeet Singh Gill Certified & Licensed Exterminator

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL
416 938 4598


NOW HIRING
U.S. CROSS BORDER SINGLES & TEAMS AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
1083
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


afc
ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread , Derry & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive
Etobicoke ON M9V-3Z7
416-740-3262
21 Lacoste Blvd,
Brampton, ON L6P 2K2
905 794-8109
621 Wanless drive, # 122
Brampton ON L7A 0A9
905-495-3336
1075 Ceremonial Drive
Mississauga ON L5R 2Z4
905-502-1600
80 Pertosa Drive
Brampton ON L5X-5E9
905-460-0009
10510 Torbram Road,
Brampton
905-790-0030
2120 North park Drive
Brampton ON L6S 0C9
905-793-1338
10 Pannahill Dr,
Brampton
905 913-8017

# ਅੱਜ ਤੋਂ ਲਾਗੂ ਹੋਵੇਗਾ ਨਾਫਟਾ ਸਮਝੌਤਾ



ਓਟਵਾ, 30 ਜੂਨ (ਪੋਸਟ ਬਿਊਰੋ) : ਪਹਿਲੀ ਜੁਲਾਈ ਤੋਂ ਨੌਰਥ ਅਮੈਰੀਕਨ ਫਰੀ ਟਰੇਡ ਅਗਰੀਮੈਂਟ ਲਾਗੂ ਹੋਣ ਜਾ ਰਿਹਾ ਹੈ। ਕੈਨੇਡਾ, ਅਮਰੀਕਾ ਤੇ ਮੈਕਸਿਕੋ ਦਰਮਿਆਨ ਤਿਕੋਣੇ ਟਰੇਡ ਸਮਝੌਤੇ ਨੂੰ ਮੁੜ ਸਿਰੇ ਚੜ੍ਹਾਉਣ ਲਈ ਗੱਲਬਾਤ ਵਾਸਤੇ ਹੀ ਤਿੰਨ ਸਾਲ ਦਾ ਸਮਾਂ ਲਗਿਆ।

ਨਵੇਂ ਸਮਝੌਤੇ ਉੱਤੇ ਨਵੰਬਰ 2018 ਵਿੱਚ ਦਸਤਖਤ ਕੀਤੇ ਗਏ। ਕੈਨੇਡੀਅਨ ਅਧਿਕਾਰੀਆਂ ਵੱਲੋਂ ਇਸ ਨੂੰ ਕੈਨੇਡਾ-ਯੂਨਾਈਟਿਡ ਸਟੇਟਸ-ਮੈਕਸਿਕੋ ਫਰੀ ਟਰੇਡ ਅਗਰੀਮੈਂਟ ਜਾਂ ਸੀਯੂਐਸਐਮਏ ਦਾ ਨਾਂ ਦਿੱਤਾ ਗਿਆ ਜਦਕਿ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਇਸ ਨੂੰ ਯੂਨਾਈਟਿਡ ਸਟੇਟਸ-ਮੈਕਸਿਕੋ-ਕੈਨੇਡਾ ਅਗਰੀਮੈਂਟ ਜਾਂ ਯੂਐਸਐਮਸੀਏ ਦੱਸਿਆ ਗਿਆ।

ਇਸ ਦੇ ਬਾਵਜੂਦ ਇਹ ਡੀਲ 2019 ਦੇ ਅੰਤ ਤੱਕ ਅਮਰੀਕੀ ਡੈਮੋਕ੍ਰੈਟਸ ਦੀ ਕੁੱਝ ਹੱਦ ਤੱਕ ਤਸੱਲੀ ਕਰਵਾਉਣ ਲਈ ਮੁੜ ਕੀਤੀ ਗਈ ਥੋੜ੍ਹੀ ਸੋਧ ਤੋਂ ਬਾਅਦ, ਤਿੰਨਾਂ ਦੇਸ਼ਾਂ ਦੀਆਂ ਵਧਾਨਕ ਸੰਸਥਾਵਾਂ ਵੱਲੋਂ ਪੁਸ਼ਟੀ ਕੀਤੇ ਜਾਣ ਤੋਂ ਬਾਅਦ ਸਿਰੇ ਚੜ੍ਹਿਆ।

ਕੱਲ੍ਹ ਪ੍ਰਧਾਨ ਮੰਤਰੀ ਜਸਟਨ ਟਰੂਡੋ ਨੇ ਆਖਿਆ ਕਿ 2018 ਵਿੱਚ ਨਾਫਟਾ ਮੈਂਬਰਾਂ ਦਰਮਿਆਨ 1.5 ਟ੍ਰਿਲੀਅਨ ਡਾਲਰ ਦਾ ਕਾਰੋਬਾਰ ਹੋਇਆ ਤੇ ਇਸ ਲਈ ਸਾਡੇ ਤਿੰਨਾਂ ਦੇਸ਼ਾਂ ਵਿੱਚ ਮੁਕਤ ਤੇ ਜਾਇਜ਼ ਟਰੇਡ ਨੂੰ ਬਰਕਰਾਰ ਰੱਖਿਆ ਜਾਣਾ ਲਾਜ਼ਮੀ ਹੈ।

# ਟੋਰਾਂਟੋ ਸਿਟੀ ਕਾਉਂਸਲ ਨੇ ਪੁਲਿਸ ਬਜਟ ਵਿੱਚ ਕਟੌਤੀ ਖਿਲਾਫ ਪਾਈ ਵੋਟ




ਟੋਰਾਂਟੋ, 29 ਜੂਨ (ਪੋਸਟ ਬਿਊਰੋ) : 2021 ਵਿੱਚ ਟੋਰਾਂਟੋ ਪੁਲਿਸ ਬਜਟ ਵਿੱਚ 10 ਫੀ ਸਦੀ ਕਟੌਤੀ ਕਰਨ ਲਈ ਲਿਆਂਦੇ ਮਤੇ ਖਿਲਾਫ ਟੋਰਾਂਟੋ ਸਿਟੀ ਕਾਉਂਸਲ ਵੱਲੋਂ ਵੋਟ ਪਾਈ ਗਈ।

ਇਸ ਮਤੇ ਦੇ ਖਿਲਾਫ 16 ਵੋਟਾਂ ਪਈਆਂ ਜਦਕਿ ਹੱਕ ਵਿੱਚ 8 ਵੋਟਾਂ ਹੀ ਪਈਆਂ। 10 ਫੀ ਸਦੀ ਕਟੌਤੀ ਦਾ ਮਤਲਬ 122 ਮਿਲੀਅਨ ਡਾਲਰ ਬਣਦਾ ਹੈ। ਇਹ ਮਤਾ ਕਾਉਂਸਲਰ ਜੋਸ਼ ਮੈਟਲੋਅ ਵੱਲੋਂ ਲਿਆਂਦਾ ਗਿਆ ਤੇ ਇਸ ਦੀ ਤਾਈਦ ਕਾਉਂਸਲਰ ਵੌਂਗ ਟੈਮ ਵੱਲੋਂ ਕੀਤੀ ਗਈ। ਸਿਟੀ ਕਾਉਂਸਲ ਦੀ ਵਰਚੂਅਲ ਮੀਟਿੰਗ ਸ਼ੁਰੂ ਹੋਣ ਤੋਂ ਕੁੱਝ ਸਮਾਂ ਬਾਅਦ ਹੀ ਮੈਟਲੋਅ ਨੇ ਆਪਣੇ ਮਤੇ ਨੂੰ ਏਜੰਡੇ ਤੋਂ ਹਟਾ ਲਿਆ ਤੇ ਇਸ ਨੂੰ ਮੇਅਰ ਜੌਹਨ ਟੋਰੀ ਵੱਲੋਂ ਪੇਸ਼ ਮਤੇ ਨਾਲ ਸੋਧ ਵਜੋਂ ਸ਼ਾਮਲ ਕਰ ਦਿੱਤਾ।

ਟੋਰੀ ਵੱਲੋਂ ਪੇਸ਼ ਮਤੇ ਵਿੱਚ ਗੈਰ ਹਿੰਸਕ ਕਾਲਜ ਦੇ ਸਬੰਧ ਵਿੱਚ ਪੁਲਿਸ ਅਧਿਕਾਰੀਆਂ ਵੱਲੋਂ ਪ੍ਰਤੀਕਿਰਿਆ ਪ੍ਰਗਟਾਏ ਜਾਣ ਦੇ ਤਰੀਕੇ ਵਿੱਚ ਤਬਦੀਲੀਆਂ ਕੀਤੇ ਜਾਣ ਦੀ ਮੰਗ ਕੀਤੀ ਗਈ ਸੀ।

ਟੋਰੀ ਨੇ ਆਪਣੇ ਮਤੇ ਵਿੱਚ ਸਿਟੀ ਮੈਨੇਜਰ ਤੋਂ ਇਹ ਮੰਗ ਕੀਤੀ ਸੀ ਕਿ ਟੋਰਾਂਟੋ ਪੁਲਿਸ ਸਰਵਿਸਿਜ਼ ਬੋਰਡ ਨਾਲ ਸਲਾਹ ਮਸ਼ਵਰਾ ਕਰਕੇ ਕਮਿਊਨਿਟੀ ਸੇਫਟੀ ਲਈ ਬਦਲਵੇਂ ਮਾਡਲ ਤਿਆਰ ਕੀਤੇ ਜਾਣ। ਟੋਰੀ ਵੱਲੋਂ ਪ੍ਰਸਤਾਵਿਤ ਸੁਧਾਰ ਜਿਵੇਂ ਕਿ ਪ੍ਰਤੀਕਿਰਿਆ ਸਬੰਧੀ ਬਦਲਵੇਂ ਢੰਗ ਲੱਭਣ ਤੇ 2021 ਤੱਕ ਪੁਲਿਸ ਅਧਿਕਾਰੀਆਂ ਲਈ ਬਾਡੀ ਕੈਮਰਾਜ਼ ਲਾਜ਼ਮੀ ਕਰਨਾ ਆਦਿ ਕਾਉਂਸਲ ਵੱਲੋਂ ਪਾਸ ਕਰ ਦਿੱਤੇ ਗਏ।

ਟੋਰੀ ਵੱਲੋਂ ਪ੍ਰੋਵਿੰਸ ਤੋਂ ਇਹ ਮੰਗ ਵੀ ਕੀਤੀ ਗਈ ਕਿ ਨਿਸ਼ਸਤਰੀਕਰਨ ਉੱਤੇ ਜ਼ੋਰ ਦੇਣ ਲਈ ਇਕਿਉਪਮੈਂਟ ਨੂੰ ਓਵਰਹਾਲ ਕਰਨ ਅਤੇ ਤਾਕਤ ਦੀ ਵਰਤੋਂ ਸਬੰਧੀ ਨਿਯਮਾਂ ਵਿੱਚ ਵੀ ਸੁਧਾਰ ਕੀਤਾ ਜਾਵੇ। ਟੋਰੀ ਨੇ ਆਪਣੇ ਮਤੇ ਵਿੱਚ ਇਹ ਵੀ ਆਖਿਆ ਕਿ ਟੋਰਾਂਟੋ ਪੁਲਿਸ ਸਰਵਿਸਿਜ਼ ਬੋਰਡ ਆਪਣੇ ਸਾਲਾਨਾ ਬਜਟ ਦਾ ਵਿਸ਼ਲੇਸ਼ਣ ਪੇਸ਼ ਕਰੇ, ਇਸ ਦੇ ਨਾਲ ਹੀ ਆਡੀਟਰ ਜਨਰਲ ਤੋਂ ਬਜਟ ਦਾ ਮੁਲਾਂਕਣ ਕਰਵਾਇਆ ਜਾਵੇ ਤੇ ਬਚਤ ਲਈ ਨਵੇਂ ਮੌਕਿਆਂ ਦੀ ਭਾਲ ਕੀਤੀ ਜਾਵੇ।

# ਹੁਣ ਟੋਰਾਂਟੋ ਵਿੱਚ ਇੰਡੋਰ ਪਬਲਿਕ ਥਾਂਵਾਂ ਉੱਤੇ ਮਾਸਕ ਪਾਉਣਾ ਹੋਵੇਗਾ ਲਾਜ਼ਮੀ



ਟੋਰਾਂਟੋ, 30 ਜੂਨ (ਪੋਸਟ ਬਿਊਰੋ) : ਟੋਰਾਂਟੋ ਸਿਟੀ ਕਾਉਂਸਲ ਵੱਲੋਂ ਇੱਕ ਅਜਿਹੇ ਬਾਇਲਾਅ ਨੂੰ ਮਨਜ਼ੂਰੀ ਦਿੱਤੀ ਗਈ ਜਿਸ ਨਾਲ ਹੁਣ ਇੰਡੋਰ ਪਬਲਿਕ ਥਾਂਵਾਂ ਉੱਤੇ ਮਾਸਕ ਪਾਉਣਾ ਲਾਜ਼ਮੀ ਹੋਵੇਗਾ।

ਟੋਰਾਂਟੋ ਦੇ ਉੱਘੇ ਹੈਲਥ ਅਧਿਕਾਰੀ ਨੇ ਪਹਿਲਾਂ ਇਹ ਸਿਫਾਰਿਸ਼ ਕੀਤੀ ਸੀ ਕਿ ਸਿਟੀ ਕਾਉਂਸਲ ਵੱਲੋਂ ਅਜਿਹਾ ਨਵਾਂ ਬਾਇਲਾਅ ਲਿਆਂਦਾ ਜਾਣਾ ਚਾਹੀਦਾ ਹੈ ਜਿਸ ਤਹਿਤ ਇੰਡੋਰ ਪਬਲਿਕ ਥਾਂਵਾਂ ਉੱਤੇ ਮਾਸਕ ਪਾਉਣਾ ਲਾਜ਼ਮੀ ਕੀਤਾ ਜਾਵੇ। ਮੰਗਲਵਾਰ ਸਵੇਰੇ ਮੈਡੀਕਲ ਆਫੀਸਰ ਆਫ ਹੈਲਥ ਡਾ. ਐਲੀਨ ਡੀ ਵਿੱਲਾ ਨੇ ਨਿਊਜ਼ ਕਾਨਫਰੰਸ ਵਿੱਚ ਇਹ ਐਲਾਨ ਕੀਤਾ ਕਿ ਕੋਵਿਡ-19 ਦੇ ਪਸਾਰ ਨੂੰ ਰੋਕਣ ਲਈ ਸਿਟੀ ਵੱਲੋਂ ਵੱਧ ਤੋਂ ਵੱਧ ਲੋਕਾਂ ਦੇ ਕੱਪੜੇ ਦੇ ਮਾਸਕ ਪਾਉਣੇ ਤੇ ਮੂੰਹ ਢਕਣੇ ਲਾਜ਼ਮੀ ਕਰ ਦਿੱਤੇ ਗਏ ਹਨ।

ਇਹ ਨਿਯਮ ਇਸ ਸਾਲ ਦੇ ਅੰਤ ਤੱਕ ਸਿਟੀ ਕਾਉਂਸਲ ਦੀ ਹੋਣ ਵਾਲੀ ਪਹਿਲੀ ਮੀਟਿੰਗ, ਜੋ ਕਿ ਇਸ ਸਮੇਂ 30 ਸਤੰਬਰ ਤੋਂ ਪਹਿਲੀ ਅਕਤੂਬਰ ਤੱਕ ਹੋਣੀ ਨਿਰਧਾਰਤ ਹੈ, ਤੱਕ ਪ੍ਰਭਾਵੀ ਰਹਿਣਗੇ। ਦੋ ਸਾਲ ਤੋਂ ਘੱਟ ਉਮਰ ਦੇ ਬੱਚਿਆਂ, ਕਿਸੇ ਮੈਡੀਕਲ ਕਾਰਨ ਕਰਕੇ ਕਿਸੇ ਨੂੰ ਪਰੇਸ਼ਾਨੀ ਹੋਣ ਵਰਗੀ ਸਥਿਤੀ ਵਿੱਚ ਮਾਸਕ ਪਾਉਣ ਤੋਂ ਛੋਟ ਹੋਵੇਗੀ। ਇਹ ਐਲਾਨ ਕਰਦਿਆਂ ਵਿਲਾ ਨੇ ਆਖਿਆ ਕਿ ਮਹਾਂਮਾਰੀ ਦੀ ਸ਼ੁਰੂਆਤ ਤੋਂ ਹੀ ਉਹ ਸਾਰਿਆਂ ਨੂੰ ਇੱਕ ਦੂਜੇ ਦਾ ਧਿਆਨ ਰੱਖਣ ਲਈ ਆਖ ਰਹੇ ਹਨ। ਅੱਜ ਇਕ ਵਾਰੀ ਫਿਰ ਅਜਿਹੀ ਬੇਨਤੀ ਸਾਰਿਆਂ ਨੂੰ ਕੀਤੀ ਜਾ ਰਹੀ ਹੈ।

ਇੱਥੇ ਦੱਸਣਾ ਬਣਦਾ ਹੈ ਕਿ ਗ੍ਰੇਟਰ ਟੋਰਾਂਟੋ ਏਰੀਆ ਤੇ ਹੈਮਿਲਟਨ ਏਰੀਆ ਦੀਆਂ ਮਿਊਂਸਪੈਲਿਟੀਜ਼ ਦੇ ਮੇਅਰਜ਼ ਤੇ ਚੇਅਰਜ਼ ਨੇ ਸੋਮਵਾਰ ਨੂੰ ਇੱਕ ਖੁਲ੍ਹਾ ਪੱਤਰ ਲਿਖ ਕੇ ਮਾਸਕਸ ਨੂੰ ਲਾਜ਼ਮੀ ਕਰਨ ਦੀ ਮੰਗ ਕੀਤੀ ਸੀ ਪਰ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਐਲੀਅਟ ਨੇ ਇਹ ਆਖਿਆ ਸੀ ਕਿ ਹੈਲਥ ਪ੍ਰੋਟੈਕਸ਼ਨ ਐਂਡ ਪ੍ਰਮੋਸ਼ਨ ਐਕਟ ਤਹਿਤ ਲੋਕਲ ਅਧਿਕਾਰੀਆਂ ਕੋਲ ਪਹਿਲਾਂ ਹੀ ਅਜਿਹੀ ਪਾਲਿਸੀ ਲਾਗੂ ਕਰਨ ਦਾ ਅਧਿਕਾਰ ਹੈ।

# ਪ੍ਰੋਵਿੰਸ਼ੀਅਲ ਪੱਧਰ ਉੱਤੇ ਮਾਸਕ ਲਾਜ਼ਮੀ ਨਹੀਂ ਕਰੇਗਾ ਸਿਹਤ ਮੰਤਰਾਲਾ



ਟੋਰਾਂਟੋ, 30 ਜੂਨ (ਪੋਸਟ ਬਿਊਰੋ) : ਗ੍ਰੇਟਰ ਟੋਰਾਂਟੋ ਤੇ ਹੈਮਿਲਟਨ ਏਰੀਆ ਦੇ ਮੇਅਰਜ਼ ਦੀ ਅਪੀਲ ਦੇ ਬਾਵਜੂਦ ਪ੍ਰੋਵਿੰਸ ਵੱਲੋਂ ਜਨਤਕ ਥਾਂਵਾਂ ਉੱਤੇ ਮਾਸਕਸ ਨੂੰ ਲਾਜ਼ਮੀ ਨਹੀਂ ਕੀਤਾ ਜਾਵੇਗਾ।

ਕਲ੍ਹ ਸਿਹਤ ਮੰਤਰਾਲੇ ਵੱਲੋਂ ਇਹ ਆਖਿਆ ਗਿਆ ਕਿ ਪ੍ਰਵਿੰਸ਼ੀਅਲ ਪੱਧਰ ਉੱਤੇ ਮਾਸਕ ਪਾਉਣ ਸਬੰਧੀ ਨੀਤੀ ਜ਼ਰੂਰੀ ਨਹੀਂ ਹੈ। ਮਾਰਖਮ ਦੇ ਮੇਅਰ ਫਰੈਂਕ ਸਕਾਰਪਿਟੀ ਵੱਲੋਂ ਓਨਟਾਰੀਓ ਵਿੱਚ ਮਾਸਕ ਲਾਜ਼ਮੀ ਬਣਾਉਣ ਦੀ ਕੈਂਪੇਨ ਦੀ ਅਗਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਦੇ ਨਾਲ ਟੋਰਾਂਟੋ ਦੇ ਮੇਅਰ ਜੌਹਨ ਟੋਰੀ, ਮਿਸੀਸਾਗਾ ਦੇ ਮੇਅਰ ਬੌਨੀ ਕ੍ਰੌਂਬੀ, ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ, ਮਾਰਖਮ ਦੇ ਮੇਅਰ ਫਰੈਂਕ ਸਕਾਰਪਿਟੀ ਤੇ ਵਾਅਨ ਦੇ ਮੇਅਰ ਮਾਰੀਜੀਓ ਬੈਵਿਲਾਕੁਆ ਵੱਲੋਂ ਵੀ ਪ੍ਰੋਵਿੰਸ ਪੱਧਰ ਉੱਤੇ ਇੰਡੋਰਜ਼ ਲਈ ਮਾਸਕ ਨੂੰ ਜ਼ਰੂਰੀ ਕਰਨ ਦੀ ਬੇਨਤੀ ਕੀਤੀ ਜਾ ਰਹੀ ਹੈ।

ਹਰੇਕ ਮਿਊਂਸਪੈਲਿਟੀ ਵੱਲੋਂ ਆਪਣੇ ਬਾਇਲਾਅਜ਼ ਲਾਗੂ ਕਰਨ ਦੀ ਥਾਂ ਮੇਅਰਜ਼ ਨੂੰ ਆਸ ਹੈ ਕਿ ਪ੍ਰੋਵਿੰਸ ਵੱਲੋਂ ਇਸ ਸਬੰਧ ਵਿੱਚ ਪ੍ਰੋਵਿੰਸ਼ੀਅਲ ਹੁਕਮ ਜਾਰੀ ਕੀਤੇ ਜਾਣਗੇ। ਪ੍ਰੋਵਿੰਸ ਵੱਲੋਂ ਲੋਕਾਂ ਨੂੰ ਵਾਰੀ ਵਾਰੀ ਇਹ ਅਪੀਲ ਕੀਤੀ ਜਾ ਰਹੀ ਹੈ ਕਿ ਸੰਭਵ ਹੋਵੇ ਤਾਂ ਮਾਸਕ ਜ਼ਰੂਰ ਪਾਏ ਜਾਣ ਤੇ ਫਿਜ਼ੀਕਲ ਡਿਸਟੈਂਸਿੰਗ ਦਾ ਵੀ ਧਿਆਨ ਰੱਖਿਆ ਜਾਵੇ।

# ਸਿਟੀ ਵੱਲੋਂ ਚਲਾਏ ਜਾਣ ਵਾਲੇ ਕੁੱਝ ਚਾਈਲਡ ਕੇਅਰ ਸੈਂਟਰ ਖੋਲ੍ਹੇ ਗਏ



ਟੋਰਾਂਟੋ, 30 ਜੂਨ (ਪੋਸਟ ਬਿਊਰੋ) : ਟੋਰਾਂਟੋ ਭਰ ਵਿੱਚ ਸਿਟੀ ਵੱਲੋਂ ਚਲਾਏ ਜਾਣ ਵਾਲੇ ਚਾਈਲਡ ਕੇਅਰ ਸੈਂਟਰ ਖੋਲ੍ਹ ਦਿੱਤੇ ਗਏ।

ਪ੍ਰੋਵਿੰਸ ਵੱਲੋਂ ਲਾਇਸੰਸਸ਼ੁਦਾ ਚਾਈਲਡ ਕੇਅਰ ਸਰਵਿਸਿਜ਼ ਨੂੰ ਜਾਰੀ ਰੱਖਣ ਸਬੰਧੀ ਕੀਤੇ ਗਏ ਐਲਾਨ ਤੋਂ ਦੋ ਹਫਤੇ ਬਾਅਦ 47 ਸੈਂਟਰਾਂ ਵਿੱਚੋਂ 11 ਨੂੰ ਸੋਮਵਾਰ ਤੋਂ ਖੋਲ੍ਹਿਆ ਜਾ ਰਿਹਾ ਹੈ। ਪਰ ਇਸ ਵਾਰੀ ਹਾਲਾਤ ਕੁੱਝ ਵੱਖਰੇ ਨਜ਼ਰ ਆ ਰਹੇ ਹਨ। ਮਹਾਂਮਾਰੀ ਅਜੇ ਵੀ ਜਾਰੀ ਰਹਿਣ ਕਾਰਨ ਸਿਟੀ ਵੱਲੋਂ ਬੱਚਿਆਂ ਤੇ ਸਟਾਫ ਨੂੰ ਸੇਫ ਰੱਖਣ ਲਈ ਕਈ ਤਰ੍ਹਾਂ ਦੀਆਂ ਤਬਦੀਲੀਆਂ ਲਾਗੂ ਕੀਤੀਆਂ ਗਈਆਂ ਹਨ।

ਸੈਂਟਰ ਵਿੱਚ ਦਾਖਲ ਹੋਣ ਤੋਂ ਪਹਿਲਾਂ ਸਟਾਫ ਤੇ ਬੱਚਿਆਂ ਦੀ ਕੋਵਿਡ-19 ਦੇ ਲੱਛਣਾਂ ਸਬੰਧੀ ਜਾਂਚ ਕੀਤੀ ਜਾਵੇਗੀ। ਫੈਸਿਲਿਟੀ ਦੇ ਅੰਦਰ ਵਿਜ਼ਿਟਰਜ਼ ਨੂੰ ਆਉਣ ਦੀ ਇਜਾਜ਼ਤ ਨਹੀਂ ਹੋਵੇਗੀ ਤੇ ਇੱਕ ਕਮਰੇ ਵਿੱਚ ਵੱਧ ਤੋਂ ਵੱਧ 10 ਲੋਕ ਹੀ ਇੱਕਠੇ ਹੋ ਸਕਣਗੇ, ਇਨ੍ਹਾਂ ਵਿੱਚ ਸਟਾਫ ਤੇ ਬੱਚੇ ਸ਼ਾਮਲ ਹਨ।

ਹਰੇਕ ਚਾਈਲਡ ਕੇਅਰ ਸੈਂਟਰ ਉੱਤੇ ਸਾਫ ਸਫਾਈ ਤੇ ਸੈਨੇਟਾਈਜ਼ੇਸ਼ਨ ਦਾ ਖਾਸ ਖਿਆਲ ਰੱਖਿਆ ਜਾਵੇਗਾ। ਫਿਜ਼ੀਕਲ ਡਿਸਟੈਂਸਿੰਗ ਲਈ ਪਿੱਕ ਅੱਪ ਤੇ ਡਰੌਪ ਆਫ ਪ੍ਰੋਟੋਕਾਲਜ਼ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਸਿਟੀ ਵੱਲੋਂ ਜੁਲਾਈ ਤੇ ਅਗਸਤ ਵਿੱਚ ਹੌਲੀ ਹੌਲੀ ਆਪਣੇ ਚਾਈਲਡ ਕੇਅਰ ਸੈਂਟਰ ਮੁੜ ਖੋਲ੍ਹੇ ਜਾਣਗੇ। ਆਪਣੇ ਚਾਈਲਡ ਕੇਅਰ ਸੈਂਟਰ ਨਾਲ ਰਾਬਤਾ ਕਾਇਮ ਕਰਕੇ ਪਰਿਵਾਰ ਉਨ੍ਹਾਂ ਦੇ ਮੁੜ ਖੁੱਲ੍ਹਣ ਦਾ ਦਿਨ ਤੇ ਸਮਾਂ ਪਤਾ ਕਰ ਸਕਦੇ ਹਨ।

# ਜਿਨਸੀ ਸ਼ੋਸ਼ਣ ਦੇ ਦੋਸ਼ ਵਿੱਚ ਮਿਸੀਸਾਗਾ ਹਾਈ ਸਕੂਲ ਅਧਿਆਪਕ ਨੂੰ ਕੀਤਾ ਗਿਆ ਚਾਰਜ

ਮਿਸੀਸਾਗਾ, 30 ਜੂਨ (ਪੋਸਟ ਬਿਊਰੋ) : ਮਿਸੀਸਾਗਾ ਦੇ ਹਾਈ ਸਕੂਲ ਟੀਚਰ ਖਿਲਾਫ ਜਿਨਸੀ ਸ਼ੋਸ਼ਣ ਦੇ ਦੋਸ਼ ਲਾਏ ਗਏ ਹਨ। ਇਹ ਦੋਸ਼ 2016 ਦੇ ਮਾਮਲੇ ਨਾਲ ਸਬੰਧਤ ਹਨ।

ਪੀਲ ਰੀਜਨਲ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਉਨ੍ਹਾਂ ਨੂੰ ਪਿੱਛੇ ਜਿਹੇ ਇਹ ਖਬਰ ਮਿਲੀ ਸੀ ਕਿ ਇੱਕ ਹਾਈ ਸਕੂਲ ਅਧਿਆਪਕ ਵੱਲੋਂ ਜੂਨ 2016 ਤੋਂ ਲੈ ਕੇ ਸੱਤ ਮਹੀਨੇ ਤੱਕ ਆਪਣੀ 17 ਸਾਲਾ ਵਿਦਿਆਰਥਣ ਦਾ ਜਿਨਸੀ ਸ਼ੋਸ਼ਣ ਕੀਤਾ ਗਿਆ। ਮੰਗਲਵਾਰ ਨੂੰ ਗਿਊਲਿਫ ਦੇ 51 ਸਾਲਾ ਰੌਬਰਟ ਬ੍ਰੈਂਡਸਟੈਟਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਉਸ ਉੱਤੇ ਜਿਨਸੀ ਹਮਲੇ ਤੇ ਜਿਨਸੀ ਸ਼ੋਸ਼ਣ ਦੇ ਚਾਰਜ ਲਾਏ ਗਏ।

ਉਸੇ ਦਿਨ ਉਸ ਨੂੰ ਅਦਾਲਤ ਵਿੱਚ ਵੀ ਪੇਸ਼ ਕੀਤਾ ਗਿਆ। ਪੁਲਿਸ ਵੱਲੋਂ ਆਖਿਆ ਜਾ ਰਿਹਾ ਹੈ ਕਿ ਇਸ ਵਿਅਕਤੀ ਦੇ ਸੰਪਰਕ ਵਿੱਚ ਆਉਣ ਵਾਲੇ ਕਿਸੇ ਵੀ ਸ਼ਖਸ ਨੂੰ ਜੇ ਅਜਿਹਾ ਲੱਗਦਾ ਹੈ ਕਿ ਉਸ ਨਾਲ ਵਧੀਕੀ ਹੋਈ ਹੈ ਜਾਂ ਜੁਰਮ ਹੋਇਆ ਹੈ ਤਾਂ ਉਹ ਕਦੇ ਵੀ ਉਨ੍ਹਾਂ ਨਾਲ ਸੰਪਰਕ ਕਰ ਸਕਦਾ ਹੈ।

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

SherGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

## ਅੱਜ ਨਾਮਾ

ਟੱਕਰ ਛਿੜੀ ਜਦ ਚੀਨ ਅਮਰੀਕਣਾਂ ਦੀ,
ਪਾਬੰਦੀ ਝੱਟ ਅਮਰੀਕਾ ਨੇ ਲਾਈ ਬੇਲੀ।
ਦਿਨਾਂ ਤਿੰਨਾਂ ਦੇ ਬਾਅਦ ਹੀ ਚੀਨੀਆਂ ਵੀ,
ਉਹੀ ਖੇਡ ਫਿਰ ਮੂਹਰੇ ਦੁਹਰਾਈ ਬੇਲੀ।
ਜਿਹੜੀ ਓਧਰ ਦੁਵੱਲੀ ਜਿਹੀ ਖੇਡ ਚੱਲੀ,
ਉਹ ਹੀ ਭਾਰਤ ਦੇ ਵੱਲ ਨੂੰ ਆਈ ਬੇਲੀ।
ਸਭ ਹੀ ਰੋਕਣ ਲਈ ਚੀਨ ਦੇ ਫਾਰਮੂਲੇ,
ਕਾਰਵਾਈ ਹੈ ਏਧਰ ਗਈ ਪਾਈ ਬੇਲੀ।
ਫਸੇ ਪਏ ਲੋਕ ਆ ਜਿਨ੍ਹਾਂ ਖਰੀਦਿਆ ਸੀ,
ਬਣਿਆ ਚੀਨ ਦਾ ਕਦੇ ਕੁਝ ਮਾਲ ਬੇਲੀ।
ਕੱਲ੍ਹ ਤੱਕ ਟੌਹਰ ਦੇ ਨਾਲ ਵਿਖਾਂਵਦੇ ਸੀ,
ਹੋਇਆ ਅੱਜ ਬਈ ਮੰਦਾ ਹੈ ਹਾਲ ਬੇਲੀ।

**ਤੀਸ ਮਾਰ ਖਾਂ**

# ਟੋਰਾਂਟੋ ਵਿੱਚ 19 ਸਾਲਾ ਵਿਅਕਤੀ ਉੱਤੇ ਪੇਚਕਸ ਨਾਲ ਵਾਰ ਕਰਕੇ ਕੀਤੀ ਗਈ ਲੁੱਟਮਾਰ

ਟੋਰਾਂਟੋ, 30 ਜੂਨ (ਪੋਸਟ ਬਿਊਰੋ) : ਡਾਊਨਟਾਊਨ ਵਿੱਚ ਤੁਰੇ ਜਾਂਦੇ ਇੱਕ 19 ਸਾਲਾ ਲੜਕੇ ਨੂੰ ਕੁੱਝ ਵਿਅਕਤੀਆਂ ਨੇ ਲੁੱਟ ਲਿਆ ਤੇ ਉਸ ਉੱਤੇ ਪੇਚਕਸ ਨਾਲ ਕਈ ਵਾਰ ਵੀ ਕੀਤੇ ਗਏ। ਇਹ ਜਾਣਕਾਰੀ ਪੁਲਿਸ ਨੇ ਦਿੱਤੀ।

ਪੁਲਿਸ ਨੇ ਦੱਸਿਆ ਕਿ ਇਹ ਲੜਕਾ ਮੰਗਲਵਾਰ ਨੂੰ ਰਾਤੀਂ 12:25 ਉਤੇ ਜੌਹਨ ਸਟਰੀਟ ਨੇੜੇ ਫਰੰਟ ਸਟਰੀਟ ਉੱਤੇ ਤੁਰਿਆ ਜਾ ਰਿਹਾ ਸੀ ਜਦੋਂ ਪੰਜ ਵਿਅਕਤੀਆਂ ਨੇ ਉਸ ਉੱਤੇ ਹਮਲਾ ਕਰ ਦਿੱਤਾ ਤੇ ਉਸ ਨੂੰ ਲੁੱਟ ਲਿਆ। ਹਮਲੇ ਦੌਰਾਨ ਇਸ ਲੜਕੇ ਦੇ ਸ਼ਰੀਰ ਦੇ ਉੱਪਰਲੇ ਹਿੱਸੇ ਉੱਤੇ ਪੇਚਕਸ ਨਾਲ ਕਈ ਵਾਰ ਕੀਤੇ ਗਏ। ਉਸ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜ-ਾਇਆ ਗਿਆ।

ਪੁਲਿਸ ਵੱਲੋਂ ਇਸ ਲੁੱਟਮਾਰ ਵਿੱਚ ਸ਼ਾਮਲ ਪੰਜ ਮਸ਼ਕੂਕਾਂ ਦਾ ਵੇਰਵਾ ਵੀ ਜਾਰੀ ਕੀਤਾ ਗਿਆ ਹੈ:




- ਇਕ ਮਸ਼ਕੂਕ ਜੋ ਕਿ ਸਿਆਹ ਨਸਲ ਦਾ ਸੀ, ਛੇ ਫੁੱਟ ਤੋਂ ਘੱਟ ਸੀ ਤੇ ਉਸ ਨੇ ਕਾਲੇ ਰੰਗ ਦੀ ਲੰਮੀਆਂ ਬਾਹਾਂ ਵਾਲੀ ਸ਼ਰਟ, ਖਾਖੀ ਪੈਂਟ ਤੇ ਚਿੱਟੇ ਰੰਗ ਦਾ ਸਰਜੀਕਲ ਮਾਸਕ ਪਾਇਆ ਹੋਇਆ ਸੀ।
- ਦੂਜਾ ਮਸ਼ਕੂਕ ਛੇ ਫੁੱਟ ਤੋਂ ਨਿੱਕਾ, ਗੋਰਾ ਵਿਅਕਤੀ ਸੀ ਜਿਸ ਨੇ ਲੰਮੀਆਂ ਬਾਹਾਂ ਵਾਲੀ ਹੁਡੀ ਵਾਲੀ ਸ਼ਰਟ, ਗੂੜ੍ਹੇ ਰੰਗ ਦੀਆਂ ਸ਼ੌਰਟਸ, ਪੁੱਠੀ ਬਾਲ ਕੈਪ ਪਾਈ ਹੋਈ ਸੀ ਤੇ ਉਸ ਨੇ ਕਾਲੇ ਰੰਗ ਦਾ ਏਅਰ ਜੌਰਡਨ ਦਾ ਬੈਗ ਗਲ ਵਿੱਚ ਪਾਇਆ ਹੋਇਆ ਸੀ ਤੇ ਚਿੱਟੇ ਰੰਗ ਦੇ ਸਨੀਕਰਜ ਤੇ ਕਾਲੀਆਂ ਜੁਰਾਬਾਂ ਪਾਈਆਂ ਹੋਈਆਂ ਸਨ।
- ਤੀਜਾ ਵਿਅਕਤੀ ਵੀ ਛੇ ਫੁੱਟ ਤੋਂ ਘੱਟ ਗੋਰਾ ਵਿਅਕਤੀ ਸੀ, ਉਸ ਨੇ ਸੋਨੇ ਦੀ ਚੇਨ, ਕਾਲੀ ਟੀ-ਸ਼ਰਟ, ਕਾਲੀ ਕੈਪ ਟੇਢੀ,ਕਾਲੀ ਪੈਂਟ ਪਾਈ ਹੋਈ ਸੀ, ਉਸ ਕੋਲ ਰੰਗਦਾਰ ਬੈਗ ਸੀ।
- ਚੌਥਾ ਮਸ਼ਕੂਕ ਲੱਗਭਗ ਛੇ ਫੁੱਟ ਦਾ ਸੀ, ਉਹ ਸਿਆਹ ਨਸਲ ਦਾ ਵਿਅਕਤੀ ਸੀ, ਉਸ ਦੇ ਵਾਲ ਕਾਲੇ ਸਨ, ਉਸ ਨੇ ਚਿੱਟੀ ਟੀ-ਸ਼ਰਟ ਪਾਈ ਸੀ ਜਿਸ ਉੱਤੇ ਗੂੜ੍ਹੇ ਰੰਗ ਦੀ ਮਾਰਕਿੰਗ ਸੀ ਤੇ ਨੀਲੇ ਰੰਗ ਦੀ ਜੀਨਜ਼ ਨਾਲ ਹਲਕੇ ਸਨੀਕਰਜ਼ ਪਾਏ ਹੋਏ ਸਨ।
- ਪੰਜਵਾਂ ਵਿਅਕਤੀ, ਜੋ ਕਿ ਗੋਰਾ ਸੀ, ਛੇ ਫੁੱਟ ਦੇ ਲੱਗਭਗ ਸੀ, ਉਸ ਦੇ ਵਾਲ ਭੂਰੇ ਸਨ, ਉਸ ਨੇ ਚਿੱਟੀ ਟੀ-ਸ਼ਰਟ, ਨੀਲੇ ਰੰਗ ਦੀ ਜੀਨਜ਼-ਜੋ ਕਿ ਸੱਜੇ ਗੋਡੇ ਤੋਂ ਰਿੱਪਡ ਸੀ, ਗੂੜ੍ਹੇ ਰੰਗ ਦੇ ਸਨੀਕਰਜ਼ ਤੇ ਗੂੜ੍ਹੇ ਰੰਗ ਦਾ ਬੈਗ ਗਲ ਵਿੱਚ ਪਾਇਆ ਹੋਇਆ ਸੀ।

# ਬਾਬਾ ਰਾਮਦੇਵ ਦੀ ਕੋਰੋਨਾ ਦੀ ਦਵਾਈ ਦੇ ਦਾਅਵੇ ਬਾਰੇ ਹਾਈ ਕੋਰਟ ਤੋਂ ਨੋਟਿਸ ਜਾਰੀ

## * ਰਾਮਦੇਵ ਦੇ ਚੇਲੇ ਦੀ ਪਲਟੀ: ਅਸੀਂ ਦਵਾਈ ਦਾ ਦਾਅਵਾ ਹੀ ਨਹੀਂ ਕੀਤਾ

ਨੈਨੀਤਾਲ, 30 ਜੂਨ, (ਪੋਸਟ ਬਿਊਰੋ)- ਬਾਬਾ ਰਾਮਦੇਵ ਦੀ ਪਤੰਜਲੀ ਕੰਪਨੀ ਵੱਲੋਂ ਕੋਰੋਨਾ ਵਾਇਰਸ ਦੇ ਇਲਾਜ ਲਈ ਇੱਕ ਆਯੁਰਵੈਦਿਕ ਦਵਾਈ ਕੋਰੋਨਿਲ ਬਣਾਉਣ ਤੇ ਲਾਂਚ ਕਰਨ ਦੇ ਖ਼ਿਲਾਫ਼ ਦਾਇਰ ਹੋਈ ਜਨਹਿੱਤ ਪਟੀਸ਼ਨ ਉੱਤੇ ਅੱਜ ਮੰਗਲਵਾਰ ਨੂੰ ਉਤਰਾਖੰਡ ਹਾਈ ਕੋਰਟ ਨੇ ਸੁਣਵਾਈ ਕੀਤੀ ਤੇ ਕੇਂਦਰ ਸਰਕਾਰ ਦੇ ਅਸਿਸਟੈਂਟ ਸਾਲਿਸਿਟਰ ਜਨਰਲ ਨੂੰ ਇੱਕੋ ਦਿਨ ਵਿੱਚ ਇਸ ਦਾ ਜਵਾਬ ਦੇਣ ਲਈ ਨੋਟਿਸ ਜਾਰੀ ਕੀਤਾ ਹੈ।

ਅੱਜ ਮੰਗਲਵਾਰ ਨੂੰ ਚੀਫ ਜਸਟਿਸ ਰਮੇਸ਼ ਰੰਗਨਾਥਨ ਅਤੇ ਜਸਟਿਸ ਆਰ ਸੀ ਖੁਲਬੇ ਦੇ ਬੈਂਚ ਅੱਗੇ ਊਧਮ ਸਿੰਘ ਨਗਰ ਦੇ ਐਡਵੋਕੇਟ ਮਣੀ ਕੁਮਾਰ ਦੀ ਜਨਹਿੱਤ ਪਟੀਸ਼ਨ ਉੱਤੇ ਸੁਣਵਾਈ ਹੋਈ, ਜਿਸ ਵਿੱਚ ਕਿਹਾ ਗਿਆ ਸੀ ਕਿ ਬਾਬਾ ਰਾਮਦੇਵ ਤੇ ਉਨ੍ਹਾਂ ਦੇ ਸਹਿਯੋਗੀ ਆਚਾਰੀਆ ਬਾਲਕ੍ਰਿਸ਼ਨ ਨੇ ਪਿਛਲੇ ਮੰਗਲਵਾਰ ਹਰਿਦੁਆਰ ਵਿੱਚ ਕੋਰੋਨਾ ਵਾਇਰਸ ਤੋਂ ਛੁਟਕਾਰਾ ਦਿਵਾਉਣ ਲਈ ਪਤੰਜਲੀ ਨਾਲ ਸੰਬੰਧਤ ਦਿਵਿਆ ਫਾਰਮੇਸੀ ਕੰਪਨੀ ਵੱਲੋਂ ਕੋਰੋਨਿਲ ਦਵਾਈ ਲਾਂਚ ਕੀਤੀ ਸੀ। ਪਟੀਸ਼ਨ ਕਰਤਾ ਨੇ ਕਿਹਾ ਕਿ ਬਾਬਾ ਰਾਮਦੇਵ ਦੀ ਦਵਾਈ ਕੰਪਨੀ ਨੇ ਇੰਡੀਅਨ ਕੌਂਸਲ ਫਾਰ ਮੈਡੀਕਲ ਰਿਸਰਚ (ਆਈ ਸੀ ਐੱਮ ਆਰ) ਵੱਲੋਂ ਜਾਰੀ ਨਿਯਮਾਂ ਦਾ ਪਾਲਣ ਨਹੀਂ ਕੀਤਾ ਤੇ ਨਾ ਭਾਰਤ ਦੇ ਆਯੁਸ਼ ਮੰਤਰਾਲਾ ਤੋਂ ਮਨਜ਼ੂਰੀ ਲਈ ਸੀ। ਉੱਤਰਾਖੰਡ ਰਾਜ ਦੇ ਆਯੁਸ਼ ਵਿਭਾਗ ਨੂੰ ਵੀ ਇਹ ਕੋਰੋਨਾ ਦੀ ਦਵਾਈ ਬਣਾਉਣ ਲਈ ਅਪਲਾਈ ਤਕ ਨਹੀਂ ਕੀਤਾ ਗਿਆ ਅਤੇ ਜਿਹੜਾ ਅਪਲਾਈ ਕੀਤਾ ਸੀ, ਉਹ ਸਿਰਫ ਰੋਗ ਵਿਰੋਧੀ ਯੋਗਤਾ (ਇਮਊਨਿਟੀ) ਵਧਾਉਣ ਲਈ ਦਵਾਈ ਬਣਾਉਣ ਵਾਸਤੇ ਕੀਤਾ ਸੀ ਤੇ ਉਸੇ ਦੀ ਆੜ ਵਿੱਚ ਬਾਬਾ ਰਾਮਦੇਵ ਨੇ ਕੋਰੋਨਿਲ ਦਵਾਈ ਬਣਾਉਣ ਦਾ ਦਾਅਵਾ ਕਰ ਦਿੱਤਾ। ਉਨ੍ਹਾਂ ਕਿਹਾ ਕਿ ਦਿਵਿਆ ਫਾਰਮੇਸੀ ਦੇ ਦੱਸਣ ਮੁਤਾਬਕ ਰਾਜਸਥਾਨ ਦੀ ਨਿਮਸ ਯੂਨੀਵਰਸਿਟੀ (ਨੈਸ਼ਨਲ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼) ਵਿੱਚ ਦਵਾਈ ਟੈੱਸਟ ਕੀਤਾ ਹੈ, ਪਰ ਨਿਮਸ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਇਸ ਦਵਾਈ ਦਾ ਕੋਈ ਕਲੀਨਿਕਲ ਟੈੱਸਟ ਨਹੀਂ ਕੀਤਾ। ਪਟੀਸ਼ਨਰ ਨੇ ਇਸ ਦਵਾਈ ਨੂੰ ਇਨ੍ਹਾਂ ਚਾਰ ਨੁਕਤਿਆਂ ਨਾਲ ਚੁਣੌਤੀ ਦਿੱਤੀ ਹੈ।

ਵਰਨਣ ਯੋਗ ਹੈ ਕਿ ਬਾਬਾ ਰਾਮਦੇਵ ਦੀ ਅਗਵਾਈ ਹੇਠਲੀ ਪਤੰਜਲੀ ਸੰਸਥਾ ਦੀ ਦਿਵਿਆ ਫਾਰਮੇਸੀ ਨੇ ਪਿਛਲੇ ਮੰਗਲਵਾਰ ਨੂੰ ਕੋਰੋਨਾ ਦੀ ਦਵਾਈ ਬਣਾਉਣ ਦਾ ਦਾਅਵਾ ਕੀਤਾ ਸੀ। ਇਸ ਤੋਂ ਬਾਅਦ ਪਤੰਜਲੀ ਦੀ ਦਵਾਈ ਉੱਤੇ ਸਵਾਲ ਉੱਠਣ ਲੱਗ ਗਏ ਹਨ। ਉਤਰਾਖੰਡ ਰਾਜ ਦੇ ਆਯੁਸ਼ ਮੰਤਰਾਲਾ ਨੇ ਇਸ ਦੇ ਬਾਅਦ ਪਤੰਜਲੀ ਨੂੰ ਨੋਟਿਸ ਭੇਜ ਕੇ ਦਵਾਈ ਦੇ ਪ੍ਰਚਾਰ ਤੇ ਪਸਾਰ ਉੱਤੇ ਰੋਕ ਲਾ ਦਿੱਤੀ ਸੀ ਤੇ ਬੀਤੇ ਬੁੱਧਵਾਰ ਨੂੰ ਦਿਵਿ-ਆ ਫਾਰਮੇਸੀ ਨੂੰ ਨੋਟਿਸ ਭੇਜ ਕੇ ਫਾਰਮੇਸੀ ਨੂੰ ਕੋਰੋਨਾ ਕਿੱਟ ਦੇ ਪ੍ਰਚਾਰ ਉੱਤੇ ਰੋਕ ਲਾਉਣ ਅਤੇ ਲੇਬਲ ਸੋਧ ਕਰਨ ਦੇ ਆਦੇਸ਼ ਦਿੱਤੇ ਸਨ। ਇਸ ਨੋਟਿਸ ਦਾ ਜਵਾਬ ਸੱਤ ਦਿਨਾਂ ਦੇ ਅੰਦਰ ਦੇਣ ਲਈ ਕਿਹਾ ਗਿਆ ਸੀ।




ਅੱਜ ਪਤੰਜਲੀ ਸੰਸਥਾ ਦੇ ਬੁਲਾਰੇ ਐੱਸ ਕੇ ਤਿਜਾਰਾਵਾਲਾ ਨੇ ਮੀਡੀਆ ਨੂੰ ਭੇਜੇ ਬਿਆਨ ਵਿੱਚ ਦਵਾਈ ਦੇ ਲੇਬਲ ਬਾਰੇ ਕੋਈ ਗੈਰ-ਕਾਨੂੰਨੀ ਕੰਮ ਨਾ ਕਰਨ ਦੀ ਗੱਲ ਕਹੀ ਹੈ। ਉਨ੍ਹਾਂ ਕਿਹਾ ਕਿ ਇਸ ਦਵਾਈ ਬਣਾਉਣ ਤੇ ਵਿਕਰੀ ਦਾ ਕੰਮ ਸਰਕਾਰ ਦੇ ਨਿਯਮਾਂ ਮੁਤਾਬਕ ਹੁੰਦਾ ਹੈ ਤੇ ਪਤੰਜਲੀ ਨੇ ਸਾਰੀ ਪ੍ਰਕਿਰਿਆ ਦਾ ਪਾਲਣ ਕੀਤਾ ਹੈ। ਓਧਰ ਪਤੰਜਲੀ ਸੰਸਥਾ ਦੇ ਜਨਰਲ ਸੈਕਟਰੀ ਬਾਲ ਕ੍ਰਿਸ਼ਨ ਨੇ ਸੋਮਵਾਰ ਨੂੰ ਕਿਹਾ ਸੀ ਕਿ ਉੱਤਰਾਖੰਡ ਸਰਕਾਰ ਨੇ ਦਿਵਿਆ ਫਾਰਮੇਸੀ ਨੂੰ ਜਿਹੜਾ ਨੋਟਿਸ ਦਿੱਤਾ ਹੈ, ਜੇ ਉਸ ਦਾ ਆਧਾਰ ਲੇਬਲ ਹੈ ਤਾਂ ਪਤੰਜਲੀ ਨੇ ਲੇਬਲ ਉੱਤੇ ਗਲਤ ਦਾਅਵਾ ਨਹੀਂ ਕੀਤਾ। ਪਤੰਜਲੀ ਦੀ ਦਵਾਈ ਇਮਿਊਨਿਟੀ ਬੂਸਟਰ ਦਾ ਕੰਮ ਕਰਦੀ ਹੈ। ਕਲੀਨਿਕਲ ਟਰਾਇਲ ਵਿੱਚ ਇਸ ਦੀ ਵਰਤੋਂ ਨਾਲ ਕਈ ਕੋਰੋਨਾ ਦੇ ਮਰੀਜ਼ ਠੀਕ ਹੋਏ ਹਨ ਤੇ ਪਤੰਜਲੀ ਨੇ ਇਮਿਊਨਿਟੀ ਬੂਸਟਰ ਦਾ ਹੀ ਲਾਇਸੈਂਸ ਲਿਆ ਹੈ।

ਅੱਜ ਮੰਗਲਵਾਰ ਆਚਾਰੀਆ ਬਾਲ ਕ੍ਰਿਸ਼ਨ ਨੇ ਕੋਰੋਨਾ ਦੀ ਦਵਾਈ ਕੋਰੋਨਿਲ ਬਣਾਉਣ ਬਾਰੇ ਅਸਲੋਂ ਯੂ-ਟਰਨ ਲੈ ਲਿਆ ਤੇ ਕਿਹਾ ਕਿ ਅਸੀਂ ਕਦੇ ਕਿਹਾ ਹੀ ਨਹੀਂ ਕਿ ਕੋਰੋਨਿਲ ਨਾਂਅ ਦੀ ਦਵਾਈ ਕੋਰੋਨਾ ਨੂੰ ਕਦੇ ਠੀਕ ਜਾਂ ਕੰਟਰੋਲ ਕਰਦੀ ਹੈ, ਅਸੀਂ ਕਿਹਾ ਸੀ ਕਿ ਅਸੀਂ ਇਕ ਦਵਾਈ ਬਣਾਈ ਹੈ, ਜੋ ਟੈਸਟ ਵਿਚ ਕੋਰੋਨਾ ਮਰੀਜ਼ ਲਈ ਫਾਇਦੇਮੰਦ ਸਾਬਤ ਹੋਈ ਹੈ। ਇਸ ਵਿਚ ਕੋਈ ਗਲਤ ਨਹੀਂ।' ਉੱਤਰਾਖੰਡ ਦੇ ਆਯੂਸ਼ ਵਿਭਾਗ ਵੱਲੋਂ ਭੇਜੇ ਨੋਟਿਸ ਦੇ ਜਵਾਬ ਵਿਚ ਪਤੰਜਲੀ ਸੰਸਥਾ ਨੇ ਕਿਹਾ ਹੈ ਕਿ ਉਨ੍ਹਾਂ ਨੇ ਕੋਰੋਨਾ ਦੀ ਦਵਾਈ ਬਣਾਉਣ ਦਾ ਦਾਅਵਾ ਕਦੇ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਅਸੀਂ ਕਹਿ ਸਕਦੇ ਹਾਂ ਕਿ ਅਸੀਂ ਇਹ ਦਵਾਈ ਬਣਾਈ ਹੈ, ਜਿਸ ਨਾਲ ਕੋਰੋਨਾ ਦੇ ਮਰੀਜ਼ ਠੀਕ ਹੋਏ ਹਨ। ਬਾਲ ਕ੍ਰਿਸ਼ਨ ਨੇ ਕਿਹਾ ਕਿ ਪਤੰਜਲੀ ਆਯੁਰਵੈਦ ਅਜੇ ਵੀ ਦਾਅਵੇ ਤੇ ਦਵਾਈ ਉੱਤੇ ਕਾਇਮ ਹੈ। ਅਸੀਂ ਕਦੇ ਕੋਰੋਨਾ ਵਾਇਰਸ ਦੀ ਦਵਾਈ ਬਣਾਉਣ ਦਾ ਦਾਅਵਾ ਨਹੀਂ ਕੀਤਾ ਤੇ ਸਰਕਾਰ ਦੀ ਇਜਾਜ਼ਤ ਅਤੇ ਉਨ੍ਹਾਂ ਦੇ ਨਿਰਦੇਸ਼ਾਂ ਅਨੁਸਾਰ ਬਣਾਈ ਦਵਾਈ ਨਾਲ ਕੋਰੋਨਾ ਦੇ ਮਰੀਜ਼ਾਂ ਨੂੰ ਠੀਕ ਕੀਤਾ ਗਿਆ ਹੈ।

ਵਰਨਣ ਯੋਗ ਹੈ ਕਿ 23 ਜੂਨ ਨੂੰ ਬਾਬਾ ਰਾਮਦੇਵ ਅਤੇ ਬਾਲਕ੍ਰਿਸ਼ਨ ਦੀ ਕੰਪਨੀ ਪਤੰਜਲੀ ਆਯੁਰਵੈਦ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੇ ਕੋਰੋਨਾ ਵਾਇਰਸ ਦੇ ਇਲਾਜ ਲਈ ਇਕ ਦਵਾਈ ਬਣਾਈ ਹੈ। ਰਾਮਦੇਵ ਨੇ ਰਾਜਸਥਾਨ ਦੇ ਨਿਮਸ ਦੇ ਸਹਿਯੋਗ ਨਾਲ ਇਹ ਦਵਾਈ ਪਰਖਣ ਦਾ ਦਾਅਵਾ ਕਰਦਿਆਂ ਇਸ ਨੂੰ ਕੋਰੋਨਾ-ਕਿੱਟ ਦੇ ਨਾਂਅ ਨਾਲ ਲਾਂਚ ਕੀਤਾ ਸੀ। ਦਵਾਈ ਲਾਂਚ ਕਰਨ ਮੌਕੇ ਰਾਮਦੇਵ ਅਤੇ ਉਨ੍ਹਾਂ ਦੀ ਕੰਪਨੀ ਵੱਲੋਂ ਬਹੁਤ ਸਾਰੇ ਮਰੀਜ਼ਾਂ ਉੱਤੇ ਇਸ ਜਾਂਚ ਦੇ ਪਾਜ਼ਿਟਿਵ ਨਤੀਜੇ ਨਿਕਲਣ ਦੇ ਦਾਅਵੇ ਉੱਤੇ ਸਵਾਲ ਉੱਠੇ ਅਤੇ ਇਸ ਬਾਰੇ ਆਯੂਸ਼ ਮੰਤਰਾਲੇ ਨੇ ਕੰਪਨੀ ਨੂੰ ਨੋਟਿਸ ਭੇਜਿਆ ਸੀ।

# ਮਿਲਟਨ ਵਿੱਚ ਮਿਲੀ ਵਿਅਕਤੀ ਦੀ ਲਾਸ਼




ਮਿਲਟਨ, 30 ਜੂਨ (ਪੋਸਟ ਬਿਊਰੋ) : ਮੰਗਲਵਾਰ ਸਵੇਰੇ ਮਿਲਟਨ ਵਿੱਚ ਇੱਕ ਵਿਅਕਤੀ ਦੀ ਲਾਸ਼ ਮਿਲਣ ਉਪਰੰਤ ਹੋਮੀਸਾਈਡ ਯੂਨਿਟ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਇੱਕ ਰਾਹਗੀਰ ਵੱਲੋਂ ਅਣਜਾਣ ਵਿਅਕਤੀ ਦੀ ਲਾਸ਼ ਵੇਖਣ ਤੋਂ ਬਾਅਦ ਸਵੇਰੇ 6:00 ਵਜੇ ਹਾਲਟਨ ਪੁਲਿਸ ਨੂੰ ਹਾਈਵੇਅ 401 ਤੋਂ ਉੱਤਰ ਵੱਲ ਗੁਐਲਫ ਲਾਈਨ ਤੇ ਨੰ. 10 ਸਾਈਡਰੋਡ ਉੱਤੇ ਸੱਦਿਆ ਗਿਆ। ਇਸ ਵਿਅਕਤੀ ਦੇ ਸਬੰਧ ਵਿੱਚ ਅਜੇ ਤੱਕ ਹੋਰ ਕੋਈ ਵੇਰਵੇ ਜਾਰੀ ਨਹੀਂ ਕੀਤੇ ਗਏ ਹਨ।

ਪੁਲਿਸ ਦਾ ਮੰਨਣਾ ਹੈ ਕਿ ਇਸ ਵਿਅਕਤੀ ਦਾ ਕਤਲ ਕੀਤਾ ਗਿਆ ਹੈ। ਪਰ ਇਸ ਗੱਲ ਦੀ ਪੁਸ਼ਟੀ ਲਈ ਪੁਲਿਸ ਵੱਲੋਂ ਪੋਸਟਮਾਰਟਮ ਦੇ ਨਤੀਜਿਆਂ ਦੀ ਉਡੀਕ ਕੀਤੀ ਜਾ ਰਹੀ ਹੈ।

# 22 ਸਾਲਾ ਵਿਅਕਤੀ ਕਤਲ ਦੇ ਮਾਮਲੇ ਵਿੱਚ ਗ੍ਰਿਫਤਾਰ



ਟੋਰਾਂਟੋ, 30 ਜੂਨ (ਪੋਸਟ ਬਿਊਰੋ) : ਪਿਛਲੇ ਹਫਤੇ ਟੋਰਾਂਟੋ ਦੇ ਪੂਰਬੀ ਹਿੱਸੇ ਵਿੱਚ ਛੁਰੇਬਾਜ਼ੀ ਦੀ ਵਾਪਰੀ ਘਟਨਾ ਤੋਂ ਬਾਅਦ ਪੁਲਿਸ ਨੇ 22 ਸਾਲਾ ਵਿਅਕਤੀ ਨੂੰ ਕਤਲ ਦੇ ਦੋਸ਼ ਵਿੱਚ ਚਾਰਜ ਕੀਤਾ ਹੈ।

ਵੀਰਵਾਰ ਨੂੰ ਪੁਲਿਸ ਨੂੰ ਓਨਟਾਰੀਓ ਤੇ ਵੈਲਸਲੇ ਸਟਰੀਟ ਉੱਤੇ ਰਾਤੀਂ 11:35 ਉੱਤੇ ਦੋ ਵਿਅਕਤੀਆਂ ਦੀ ਲੜਾਈ ਤੋਂ ਬਾਅਦ ਸੱਦਿਆ ਗਿਆ। ਮੌਕੇ ਉੱਤੇ ਪਹੁੰਚੇ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਇੱਕ ਵਿਅਕਤੀ ਪਾਰਕੇਟ ਤੇ ਨੇੜਲੇ ਸਟੋਰ ਦਰਮਿਆਨ ਸੜਕ ਉੱਤੇ ਪਿਆ ਸੀ। 30 ਸਾਲਾ ਵਿਅਕਤੀ ਦੀ ਪਛਾਣ ਪੁਲਿਸ ਵੱਲੋਂ ਟੋਰਾਂਟੋ ਦੇ ਐਂਟਨ ਨਾਈਟਸ ਰੌਬਰਟਸ ਵਜੋਂ ਕੀਤੀ ਗਈ। ਉਸ ਦੇ ਢਿੱਡ ਵਿੱਚ ਚਾਕੂ ਦੇ ਕਈ ਵਾਰਾਂ ਦੇ ਨਿਸ਼ਾਨ ਸਨ। ਉਸ ਨੂੰ ਫੌਰਨ ਹਸਪਤਾਲ ਲਿਜਾਇਆ ਗਿਆ। ਕੁੱਝ ਸਮੇਂ ਬਾਅਦ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਵੱਲੋਂ ਬੀਤੇ ਦਿਨੀਂ ਮਸ਼ਕੂਕ ਦੀ ਤਸਵੀਰ ਜਾਰੀ ਕੀਤੀ ਗਈ ਸੀ। ਕੱਲ੍ਹ ਸ਼ਾਮ ਨੂੰ ਪੁਲਿਸ ਨੇ ਇੱਕ 22 ਸਾਲਾ ਵਿਅਕਤੀ ਕੌਨਰ ਮੈਡੀਸਨ ਨੂੰ ਇਸ ਮਾਮਲੇ ਦੇ ਸਬੰਧ ਵਿੱਚ ਗ੍ਰਿਫਤਾਰ ਕੀਤਾ ਤੇ ਉਸ ਉੱਤੇ ਸੈਕਿੰਡ ਡਿਗਰੀ ਮਰਡਰ ਦਾ ਚਾਰਜ ਲਾਇਆ ਗਿਆ। ਉਸ ਨੂੰ ਅੱਜ ਸਵੇਰੇ 10:00 ਵਜੇ ਟੋਰਾਂਟੋ ਦੀ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

# ਚੀਨੀ ਐਪਸ ਉੱਤੇ ਭਾਰਤ ਵੱਲੋਂ ਪਾਬੰਦੀ ਪਿੱਛੋਂ ਚੀਨ ਭੜਕਿਆ

ਬੀਜਿੰਗ, 30 ਜੂਨ, (ਪੋਸਟ ਬਿਊਰੋ)- ਲੱਦਾਖ ਨੇੜੇ ਅਸਲੀ ਕੰਟਰੋਲ ਰੇਖਾ ਉੱਤੇ ਭਾਰਤ-ਚੀਨ ਫੌਜਾਂ ਦੀ ਝੜਪ ਹੋਣ ਦੇ ਬਾਅਦ ਸਖਤ ਹੋਏ ਭਾਰਤ ਨੇ ਚੀਨ ਨੂੰ ਆਰਥਿਕ ਮੋਰਚੇ ਉੱਤੇ ਘੇਰਨ ਲਈ 59 ਚੀਨੀ ਐਪਸ ਉੱਤੇ ਪਾਬੰਦੀ ਲਾਈ ਅਤੇ ਗੂਗਲ ਨੂੰ ਆਪਣੇ ਪਲੇਅ ਸਟੋਰ ਤੋਂ ਉਹ ਸਾਰੀਆਂ ਐਪਲੀਕੇਸ਼ਨਾਂ ਹਟਾਉਣ ਦਾ ਹੁਕਮ ਦਿੱਤਾ ਹੈ। ਭਾਰਤ ਦੀ ਕਾਰਵਾਈ ਤੋਂ ਚੀਨ ਭੜਕ ਪਿਆ ਅਤੇ ਇਸ ਬਾਰੇ ਅੰਤਰਰਾਸ਼ਟਰੀ ਕਾਨੂੰਨ ਦੀ ਗੱਲ ਕਹਿਣੀ ਸ਼ੁਰੂ ਕੀਤੀ ਹੈ।

ਚੀਨ ਦੇ ਵਿਦੇਸ਼ ਮੰਤਰੀ ਦੇ ਬੁਲਾਰੇ ਝਾਓ ਲਿਜਿਆਨ ਨੇ ਅੱਜ ਭਾਰਤ ਵੱਲੋਂ ਚੀਨੀ ਐਪਸ ਉੱਤੇ ਪਾਬੰਦੀ ਲਾਉਣ ਦੇ ਮੁੱਦੇ ਉੱਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਚੀਨ ਨੂੰ ਬਹੁਤ ਚਿੰਤਾ ਹੈ ਅਤੇ ਉਹ ਹਾਲਾਤ ਦੀ ਘੋਖ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਡਾ ਕਹਿਣਾ ਹੈ ਕਿ ਚੀਨ ਸਰਕਾਰ ਆਪਣੇ ਕਾਰੋਬਾਰੀਆਂ ਨੂੰ ਅੰਤਰਰਾਸ਼ਟਰੀ ਤੇ ਸਥਾਨਕ ਨਿਯਮਾਂ ਦਾ ਪਾਲਣ ਕਰਨ ਲਈ ਹਮੇਸ਼ਾ ਤੋਂ ਕਹਿੰਦੀ ਰਹੀ ਹੈ। ਭਾਰਤ ਸਰਕਾਰ ਦੀ ਚੀਨ ਸਮੇਤ ਸਾਰੇ ਅੰਤਰਰਾਸ਼ਟਰੀ ਪੂੰਜੀ ਨਿਵੇਸ਼ਕਾਂ ਦੇ ਕਾਨੂੰਨੀ ਅਧਿਕਾਰਾਂ ਦੀ ਰੱਖਿਆ ਕਰਨ ਦੀ ਜ਼ਿੰਮੇਵਾਰੀ ਹੈ।

ਵਰਨਣ ਯੋਗ ਹੈ ਕਿ ਭਾਰਤ ਸਰਕਾਰ ਨੇ ਬੀਤੇ ਸੋਮਵਾਰ ਪੰਜਾਹ ਤੋਂ ਵੱਧ ਚੀਨੀ ਐਪਸ ਉੱਤੇ ਪਾਬੰਦੀ ਦਾ ਐਲਾਨ ਕੀਤਾ ਸੀ। ਇਨ੍ਹਾਂ ਵਿੱਚ ਵਿਚ ਕਈ ਮਸ਼ਹੂਰ ਐਪਸ ਜਿਵੇਂ ਟਿਕ-ਟਾਕ, ਯੂਸੀ ਬ੍ਰਾਊਜ਼ਰ ਅਤੇ ਸ਼ੇਅਰਇੱਟ ਆਦਿ ਸ਼ਾਮਲ ਹਨ। ਇਨ੍ਹਾਂ ਐਪਸ ਉੱਤੇ ਪਾਬੰਦੀ ਦਾ ਕਾਰਨ ਇਨ੍ਹਾਂ ਦਾ ਚੀਨੀ ਹੋਣਾ ਨਹੀਂ, ਸਗੋਂ ਦੇਸ਼ ਦੀ ਸੁਰੱਖਿਆ ਲਈ ਜ਼ਰੂਰੀ ਕਦਮ ਮੰਨਦੇ ਹੋਏ ਏਦਾਂ ਕੀਤਾ ਗਿਆ ਹੈ। ਤਕਰੀਬਨ 59 ਐਪਾਂ ਨੂੰ ਗੂਗਲ ਅਤੇ ਐੱਪਲ ਐਪ ਸਟੋਰ ਤੋਂ ਹਟਾ ਦਿੱਤਾ ਜਾਵੇਗਾ।




Paramjit Deol
Broker
CELL: 416-993-7378
7071 Airport Rd, Suit 201, Mississauga, ON




1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

"Your neighborhood broker, Call Paramjit Deol Today"


**Mississauga $749,000**

**7089 Torbram Rd:** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.


**Vaughan $499,000**

**3210 Highway 7 Rd 5511:** Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**

**Westmount/Blockline Rd:** Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**

**39 Shiff Cres:** This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard, Entrance Garage From Inside.


**MISSISSAUGA $299,000**
Photo Not Available
**7885 Tranmere Dr:** Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.


**Mississauga $749,000**

**7089 Torbram Rd :** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**
Photo Not Available
**23 Wilmot St:** Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.


**Oshawa $659,000**
Photo Not Available
**Simcoe St/Highway 407:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.


**Brampton $1,900,000**
Photo Not Available
**115 Orenda Dr:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks, Very Low Rent, Tons Of Inventory.


**Brampton $749,000**

**Mississauga Rd/Sandalwood Pkwy :** 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.


**Barrie $769,000**

**Ferndale & Edgehill :** Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit, 13 Feet High Ceiling In Dining Room Situated On A Ravine Backing With An Extra Deep Lot.

**Oshawa $659,000**
Photo Not Available
**150 Windfields Farm Dr 86:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**

**124 Cornwall Rd:** Move In Ready Designer Concept, Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**

**Queen St/Logan Ave:** Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**

**King St/Industry:** Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**

**Derry And Mclaughlin:** One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019









REQUEST FOR PROPOSAL (RFP)

PEEL DISTRICT SCHOOL BOARD
5650 Hurontario Street
Mississauga, Ontario, L5R 1C6

RFPMC20-4494

For the Services of an Integrity Commissioner

**CLOSING DATE:** Monday, July 6, 2020 @ 3:00 p.m.

This RFP is now available for electronic download from the Bonfire portal at

https://peelsb.bonfirehub.ca/

and from the Biddingo portal at

www.biddingo.com

Detailed submission instructions can be found in the Bonfire portal.

*Proposals must be submitted in the BONFIRE portal (as outlined in the RFP) on or before the Submission Deadline. Proposals submitted after the Submission Deadline will be rejected.*

peel District School Board

www.peelschools.org

# ਲਾਕਡਾਊਨ ਦੌਰਾਨ ਸਕੂਲ-ਫੀਸਾਂ ਬਾਰੇ ਅੱਠ ਰਾਜਾਂ ਦੇ ਮਾਪਿਆਂ ਵੱਲੋਂ ਸਾਂਝੀ ਪਟੀਸ਼ਨ ਦਾਇਰ

## * ਚੰਡੀਗੜ੍ਹ ਹਾਈ ਕੋਰਟ ਦਾ ਸਕੂਲ ਫੀਸਾਂ ਬਾਰੇ ਫੈਸਲਾ ਆ ਗਿਆ

ਨਵੀਂ ਦਿੱਲੀ, 30 ਜੂਨ, (ਪੋਸਟ ਬਿਊਰੋ)- ਭਾਰਤ ਦੇ ਅੱਠ ਰਾਜਾਂ ਦੇ ਮਾਪਿਆਂ ਨੇ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕਰ ਕੇ ਲਾਕਡਾਊਨ ਦੇ ਦੌਰਾਨ ਨਿੰਜੀ ਸਕੂਲਾਂ ਦੀ ਤਿੰਨ ਮਹੀਨਿਆਂ (1 ਅਪ੍ਰੈਲ ਤੋਂ ਜੂਨ ਤੱਕ) ਦੀ ਫੀਸ ਮੁਆਫ ਕਰਨ ਤੇ ਬਾਕਾਇਦਾ ਸਕੂਲ ਸ਼ੁਰੂ ਹੋਣ ਤੱਕ ਫੀਸ ਰੈਗੂਲੇਟ ਕੀਤੇ ਜਾਣ ਦੀ ਮੰਗ ਕੀਤੀ ਹੈ। ਉਨ੍ਹਾਂ ਦੀ ਇਹ ਵੀ ਮੰਗ ਹੈ ਕਿ ਫੀਸ ਨਾ ਦੇਣ ਕਾਰਨ ਬੱਚਿਆਂ ਨੂੰ ਸਕੂਲ ਤੋਂ ਨਾ ਕੱਢਿਆ ਜਾਵੇ, ਕਿਉਂਕਿ ਕੋਰੋਨਾ ਮਹਾਮਾਰੀ ਕਾਰਨ ਦੇਸ਼ ਵਿਆਪੀ ਲਾਕਡਾਊਨ ਵਿਚ ਰੁਜ਼ਗਾਰ ਬੰਦ ਹੋਣ ਨਾਲ ਬਹੁਤ ਸਾਰੇ ਮਾਪੇ ਫੀਸ ਦੇਣ ਤੋਂ ਅਸਮਰੱਥ ਹੋ ਗਏ ਹਨ।

ਇਸ ਸੰਬੰਧ ਵਿੱਚ ਸੁਪਰੀਮ ਕੋਰਟ ਤੋਂ ਮੰਗ ਕੀਤੀ ਗਈ ਹੈ ਕਿ ਉਹ ਪਟੀਸ਼ਨ ਵਿਚ ਬਚਾਅ ਪੱਖ ਬਣਾਏ ਗਏ 8 ਰਾਜਾਂ ਰਾਜਸਥਾਨ, ਓਡੀਸਾ, ਗੁਜਰਾਤ, ਪੰਜਾਬ, ਦਿੱਲੀ, ਮਹਾਰਾਸ਼ਟਰ, ਉੱਤਰਾਖੰਡ ਤੇ ਮੱਧ ਪ੍ਰਦੇਸ਼ ਜਾਂ ਫਿਰ ਸਾਰੇ ਰਾਜਾਂ ਨੂੰ ਇਸ ਬਾਰੇ ਆਦੇਸ਼ ਦੇਵੇ। ਵੱਖ-ਵੱਖ ਰਾਜਾਂ ਵਿੱਚੋਂ 10 ਮਾਪਿਆਂ ਨੇ ਇਸ ਅਰਜ਼ੀ ਵਿਚ ਕਿਹਾ ਹੈ ਕਿ ਉਹ ਲੋਕ ਜ਼ਿੰਦਗੀ ਤੇ ਸਿੱਖਿਆ ਦੇ ਮੁੱਢਲੇ ਅਧਿਕਾਰ ਦੀ ਰਾਖੀ ਲਈ ਸੁਪਰੀਮ ਕੋਰਟ ਵਿੱਚ ਆਏ ਹਨ। ਕੋਰੋਨਾ ਮਹਾਮਾਰੀ ਦੇ ਦੌਰਾਨ ਸਕੂਲਾਂ ਵਿਚ ਪੜ੍ਹਦੇ 12ਵੀਂ ਤੱਕ ਦੇ ਵਿਦਿਆਰਥੀਆਂ ਦੇ ਬਹੁਤ ਸਾਰੇ ਮਾਪਿਆਂ ਦੀ ਇਸ ਵੇਲੇ ਫੀਸ ਦੇ ਸਕਣ ਦੀ ਸਮਰੱਥਾ ਨਹੀਂ ਰਹੀ ਅਤੇ ਉਨ੍ਹਾਂ ਨੂੰ ਬੱਚਿਆਂ ਨੂੰ ਸਕੂਲ ਤੋਂ ਹਟਾਉਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਪਟੀਸ਼ਨ ਵਿਚ ਕਿਹਾ ਗਿਆ ਕਿ ਅਜੇ ਬੋਰਡ ਦੇ ਨਤੀਜੇ ਨਹੀਂ ਆਏ, ਬੱਚੇ ਇਹ ਨਹੀਂ ਜਾਣਦੇ ਕਿ ਉਨ੍ਹਾਂ ਨੂੰ ਕਿਸ ਸਟਰੀਮ ਵਿਚ ਜਾਣਾ ਹੈ। ਬੱਚਿਆਂ ਕੋਲ ਲੈਪਟਾਪ, ਸਮਾਰਟਫੋਨ ਨਹੀਂ ਹਨ। ਜਿਨ੍ਹਾਂ ਘਰਾਂ ਵਿਚ 2 ਜਾਂ ਵੱਧ ਬੱਚੇ ਹਨ, ਉਨ੍ਹਾਂ ਨੂੰ ਇਹ ਸਮਾਨ ਵੀ ਵੱਧ ਚਾਹੀਦੇ ਹਨ। ਨੈਟਵਰਕ ਵੀ ਟੁੱਟ ਜਾਂਦਾ ਹੈ ਅਤੇ ਪੜ੍ਹਾਈ ਦਾ ਕੋਈ ਪ੍ਰਭਾਵੀ ਤੰਤਰ ਵੀ ਨਹੀਂ ਹੈ।

ਇਸ ਦੌਰਾਨ ਪੰਜਾਬ ਦੇ ਸਕੂਲ ਫੀਸ ਵਿਵਾਦ ਉੱਤੇ ਅੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਆਪਣੇ ਫੈਸਲੇ ਵਿੱਚ ਮਾਪਿਆਂ ਨੂੰ ਵੱਡਾ ਝਟਕਾ ਦਿੱਤਾ ਤੇ ਨਿੰਜੀ ਸਕੂਲਾਂ ਨੂੰ ਐਡਮੀਸ਼ਨ ਫੀਸ ਵਸੂਲਣ ਦੀ ਆਗਿਆ ਦੇ ਦਿੱਤੀ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਸਕੂਲ ਬੱਚਿਆਂ ਤੋਂ ਟਿਊਸ਼ਨ ਫੀਸ ਲੈ ਸਕਦੇ ਹਨ, ਪਰ ਵਧੀ ਹੋਈ ਫੀਸ ਨਹੀਂ ਲੈਣਗੇ, ਪਿਛਲੇ ਸਾਲ ਵਾਲੀ ਫੀਸ ਲੈ ਸਕਦੇ ਹਨ ਅਤੇ ਫੀਸ ਨਾ ਭਰ ਸਕਣ ਵਾਲੇ ਮਾਪੇ ਆਪਣੇ ਆਰਥਿਕ ਹਾਲਤ ਦਾ ਸਬੂਤ ਦੇਣਗੇ।

ਹਾਈ ਕੋਰਟ ਨੇ ਆਪਣੇ ਫੈਸਲੇ ਵਿੱਚ ਕਿਹਾ ਹੈ ਕਿ ਸਕੂਲ ਮੈਨੇਜਮੈਂਟ ਆਪਣੇ ਖਰਚੇ ਦੇ ਹਿਸਾਬ ਨਾਲ ਪੈਸੇ ਵਸੂਲ ਸਕਦੀ ਹੈ, ਪਰ ਵਧੀ ਹੋਈ ਫੀਸ ਨਹੀਂ ਲਵੇਗੀ, ਸਗੋਂ ਉਨ੍ਹਾਂ ਨੂੰ ਸਿਰਫ 2019-20 ਦਾ ਫੀਸ ਅਪਣਾਉਣੀ ਪਏਗੀ। ਜੇ ਕੋਈ ਮਾਂ-ਬਾਪ ਸਕੂਲ ਫੀਸਾਂ ਦਾ ਭੁਗਤਾਨ ਨਹੀਂ ਕਰ ਸਕਦੇ ਤਾਂ ਉਹ ਸਕੂਲ ਨੂੰ ਵੱਖਰੀ ਅਰਜ਼ੀ ਦੇ ਸਕਦੇ ਹਨ, ਜਿਸ ਦੇ ਨਾਲ ਉਨ੍ਹਾਂ ਨੂੰ ਆਪਣੀ ਮਾਇਕ ਹਾਲਤ ਦਾ ਸਬੂਤ ਦੇਣਾ ਹੋਵੇਗਾ। ਅਦਾਲਤ ਨੇ ਕਿਹਾ ਕਿ ਜੇ ਕੋਈ ਸਕੂਲ ਆਰਥਿਕ ਤੰਗੀ ਵਿੱਚ ਹੈ ਤਾਂ ਉਹ ਵੀ ਜ਼ਿਲ੍ਹਾ ਸਿੱਖਿਆ ਅਫਸਰ ਨੂੰ ਸਬੂਤਾਂ ਨਾਲ ਅਰਜ਼ੀ ਦੇ ਸਕਦਾ ਹੈ।

# ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਇੱਕ ਹੋਰ ਗਰੁੱਪ ਦਾ ਪਰਦਾ ਫਾਸ਼, 3 ਜਣੇ ਗ੍ਰਿਫ਼ਤਾਰ

ਚੰਡੀਗੜ੍ਹ, 30 ਜੂਨ, (ਪੋਸਟ ਬਿਊਰੋ)- ਪੰਜਾਬ ਪੁਲਿਸ ਨੇ ਖ਼ਾਲਿਸਤਾਨ ਲਿਬਰੇਸ਼ਨ ਫੋਰਸ (ਕੇ ਐਲ ਐਫ) ਨਾਲ ਸੰਬੰਧ ਰੱਖਦੇ ਤਿੰਨ ਜਣਿਆਂ ਦੀ ਗ੍ਰਿਫ਼ਤਾਰੀ ਨਾਲ ਸਮਾਜਕ-ਧਾਰਮਿਕ ਆਗੂਆਂ ਨੂੰ ਨਿਸ਼ਾਨਾ ਬਣਾਉਣ ਦੇ ਲਈ ਪਾਕਿਸਤਾਨ ਤੋਂ ਟਰੇਂਡ ਖਾੜਕੂਆਂ ਦੀ ਇੱਕ ਵੱਡੀ ਕੋਸ਼ਿਸ਼ ਨੂੰ ਨਾਕਾਮ ਕਰਨ ਦਾ ਦਾਅਵਾ ਕੀਤਾ ਹੈ।

ਇਸ ਸੰਬੰਧ ਵਿੱਚ ਪੰਜਾਬ ਪੁਲਸ ਦੇ ਮੁਖੀ ਡੀ ਜੀ ਪੀ ਦਿਨਕਰ ਗੁਪਤਾ ਨੇ ਦੱਸਿਆ ਹੈ ਕਿ ਇੱਕ ਖਾੜਕੂ ਗਰੁੱਪ, ਜਿਹੜਾ ਬੀਤੇ ਐਤਵਾਰ ਨਜ਼ਰ ਹੇਠ ਆਇਆ ਸੀ, ਪਾਕਿਸਤਾਨ, ਸਾਊਦੀ ਅਰਬ ਅਤੇ ਯੂ ਕੇ ਵਿਚਲੇ ਖਾਲਿਸਤਾਨੀ ਤੱਤਾਂ ਦੇ ਇਸ਼ਾਰੇ ਉੱਤੇ ਪੰਜਾਬ ਦੇ ਵੱਖ ਵੱਖ ਹਿੱਸਿਆਂ ਵਿੱਚ ਚੱਲ ਰਿਹਾ ਸੀ। ਗੁਪਤਾ ਨੇ ਦੱਸਿਆ ਕਿ ਖਾੜਕੂਆਂ ਕੋਲੋਂ ਇਕ 32 ਬੋਰ ਦਾ ਪਿਸਤੌਲ ਅਤੇ 7 ਕਾਰਤੂਸ ਮਿਲੇ ਹਨ। ਇਨ੍ਹਾਂ ਦੀ ਪਛਾਣ ਸੁਖਚੈਨ ਸਿੰਘ ਪਿੰਡ ਸੇਹਰਾ, ਥਾਣਾ ਗੰਡਾ ਖੇੜੀ ਜ਼ਿਲ੍ਹਾ ਪਟਿਆਲਾ; ਅਮ੍ਰਿਤਪਾਲ ਸਿੰਘ ਪਿੰਡ ਅਚਾਨਕ, ਥਾਣਾ ਬੋਹਾ, ਮਾਨਸਾ ਅਤੇ ਜਸਪ੍ਰੀਤ ਸਿੰਘ ਵਾਸੀ ਬੋਰੇਵਾਲ ਸੋਹਣ ਥਾਣਾ ਮਜੀਠਾ ਵਜੋਂ ਹੋਈ ਹੈ। ਇਨ੍ਹਾਂ ਦੇ ਇਕ ਸਾਥੀ ਲਵਪ੍ਰੀਤ ਸਿੰਘ ਕੈਥਲ ਨੂੰ ਪਿਛਲੇ ਦਿਨੀਂ ਦਿੱਲੀ ਪੁਲਿਸ ਨੇ ਕੇ ਐਲ ਐਫ ਦੇ ਹੋਰ ਮੈਂਬਰਾਂ ਸਮੇਤ ਪਹਿਲਾਂ ਗ੍ਰਿਫਤਾਰ ਕੀਤਾ ਸੀ। ਡੀ ਜੀ ਪੀ ਨੇ ਦੱਸਿਆ ਕਿ ਤਿੰਨੇ ਜਣੇ ਸੋਸ਼ਲ ਮੀਡੀਆ ਰਾਹੀਂ ਇਕ ਦੂਸਰੇ ਦੇ ਸੰਪਰਕ ਵਿਚ ਆਏ ਤੇ ਫਿਰ ਪਾਕਿਸਤਾਨ ਵਾਲੇ ਤੱਤਾਂ ਦੇ ਸੰਪਰਕ ਵਿੱਚ ਆਏ, ਜਿਨ੍ਹਾਂ ਨੇ ਇਨ੍ਹਾਂ ਨੂੰ ਸਮਾਜਿਕ-ਧਾਰਮਿਕ ਆਗੂਆਂ ਨੂੰ ਨਿਸ਼ਾਨਾ ਬਣਾਉਣ ਅਤੇ ਪੰਜਾਬ ਦੀ ਅਮਨ-ਕਾਨੂੰਨ ਭੰਗ ਕਰਨ ਨੂੰ ਭੜਕਾਇਆ ਸੀ। ਅਮ੍ਰਿਤਪਾਲ ਸਿੰਘ ਦੀ ਸੁਖਚੈਨ ਤੇ ਲਵਪ੍ਰੀਤ ਨੂੰ ਮਿਲਾਉਣ ਵਿੱਚ ਮੋਹਰੀ ਭੂਮਿਕਾ ਸੀ। ਦਿਨਕਰ ਗੁਪਤਾ ਨੇ ਦੱਸਿਆ ਕਿ ਮੁੱਢਲੀ ਜਾਂਚ ਮੁਤਾਬਕ ਇਨ੍ਹਾਂ ਨੂੰ ਪਾਕਿਸਤਾਨ ਵਿਚਲੇ ਤੱਤਾਂ ਨੇ ਭਵਿੱਖ ਦੀ ਯੋਜਨਾ ਲਈ ਪਾਕਿਸਤਾਨ ਆਉਣ ਨੂੰ ਕਿਹਾ ਸੀ। ਸਾਊਦੀ ਅਰਬ ਤੋਂ ਇੱਕ ਵਿਦੇਸ਼ੀ ਆਗੂ ਨੇ ਕਾਰਵਾਈਆਂ ਕਰਨ ਤੋਂ ਬਾਅਦ ਇਨ੍ਹਾਂ ਨੂੰ ਪਨਾਹ ਦੇਣ ਦਾ ਵਾਅਦਾ ਵੀ ਕੀਤਾ ਸੀ।

# Peace and multiculturalism have deep roots in Canada




BY: Surjit Singh Flora

On July 1, Canadians celebrate Canada Day, which memorializes the act of Confederation, the day Canada became its own nation. It was snowing and bone-chillingly cold when I arrived in Canada in Nov. 1989. A snowstorm just hit Toronto, and there were 20 centimeters of snow on the road, something I'd never seen in India. It was a warm welcome from a strange new country, and Canada instantly won my heart.

My Canadian education started in Grade 8; my English was very poor at the time. They wanted to put me in ESL, but I resisted it. How could I prove my English in a class full of students who also couldn't speak English? I wanted to be in regular English classes with Canadian-born kids.

I managed to convince my school to let take math and science two years above my grade. It was terrifying when I first got into the school system. I was shy, nervous, and felt very alone. Nobody wanted to do group work with me because my English was poor. I had no friends. But I never let that bother me. Ignore negative people and actively seek out those willing to support you.

I sought those people and took full advantage of any support I could get. That really paid off. My heartfelt advice to any newcomer to Canada is be courageous, don't lose hope and work hard! Be your own advocate; when others doubt what




you're capable of, show them. Cold weather, overly apologetic people and hockey are internationally recognized symbols, but this great nation has so much to offer newcomers. I've been in Canada for 30 years, and I'm happy to be celebrating Canada's 153rd birthday. But in light of the COVID-19 pandemic, the Governments, leaders and health officials are advising Canadians to gather virtually to celebrate Canada's 153rd birthday, as government's top priority of keeping people safe. The virtual event will allow residents and online guests to safely mark this national holiday from the comfort of their homes, yards and patios.

I'm glad I chose Canada because of the beautiful, helpful Canadians I've met along my journey. Canada is prosperous as a nation because it's a country founded and built by people who came here by choice. People who immigrated here for the chance at a new life, who've worked hard to create it and generation by generation, built a tolerant society. Peace has deep roots in Canada. It's a country where people are free to express themselves in whatever way they choose. We're free to choose our language, religion, political beliefs, who we love and how we dress.

All Canadians are granted these freedoms, and we depend on a fair judicial system to protect these rights. It's fascinating living in a multicultural environment like the Greater Toronto Area, especially as a journalist. I have the opportunity to meet people with very different backgrounds and learn about their cultures.

That multicultural spirit is what Canada stands for, and it's what makes us great. Canadians include everybody, respect everybody and give equality to all, regardless of where they're from. However, circumstances have changed for people who live in Quebec, as their government passed Bill 21, which prohibits public service workers from wearing religious symbols or garb during office hours. Public service workers such as teachers, police officers and judges are affected by the new law in an attempt to keep public institutions secular. Religious items such as hijabs, kippahs, turbans and crucifixes are all banned.

Current employees are exempt from the new legislation. Besides that, Canada is still one of the most significant countries in the world. Four seasons, beautiful landscapes, love, peace, hockey, free healthcare—all in abundance. Not to mention support for people with various physical handicaps or intellectual disabilities, for free. Canada is my home now, and I have deep fondness and love for this country. It's given me hundreds of special moments and incredible friends and acquaintances.

I am proud to be a Canadian and happy Canada Day to all!

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਇਮਰਾਨ ਖਾਨ ਨੇ ਕਰਾਚੀ ਹਮਲੇ ਪਿੱਛੇ ਭਾਰਤ ਦਾ ਹੱਥ ਕਹਿ ਧਰਿਆ

ਇਸਲਾਮਾਬਾਦ, 30 ਜੂਨ, (ਪੋਸਟ ਬਿਊਰੋ)- ਦੁਨੀਆ ਭਰ ਦੇ ਅੱਤਵਾਦੀਆਂ ਨੂੰ ਪਨਾਹ ਦੇਂਦੇ ਪਾਕਿਸਤਾਨ ਨੇ ਕਰਾਚੀ ਦੇ ਸਟਾਕ ਐਕਸਚੇਂਜ਼ ਵਿਚ ਸੋਮਵਾਰ ਨੂੰ ਹੋਏ ਹਮਲੇ ਪਿੱਛੇ ਭਾਰਤ ਦਾ ਹੱਥ ਹੋਣ ਦਾ ਦੋਸ਼ ਲਾਇਆ ਹੈ। ਅੱਜ ਮੰਗਲਵਾਰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਆਪਣੀ ਪਾਰਲੀਮੈਂਟ ਵਿਚ ਦੋਸ਼ ਲਾਇਆ ਕਿ ਭਾਰਤ ਉਨ੍ਹਾਂ ਦੇ ਦੇਸ਼ ਨੂੰ ਅਸਥਿਰ ਕਰਨਾ ਚਾਹੁੰਦਾ ਹੈ। ਇਕ ਦਿਨ ਪਹਿਲਾਂ ਸੋਮਵਾਰ ਨੂੰ ਕਰਾਚੀ ਵਿਚ ਹੋਏ ਹਮਲੇ ਵਿਚ ਕਰੀਬ 11 ਲੋਕਾਂ ਦੀ ਮੌਤ ਹੋ ਗਈ ਸੀ ਅਤੇ ਦੇਸ਼ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਦੇ ਇਸ ਸੰਬੰਧ ਵਿੱਚ ਦਿੱਤੇ ਬਿਆਨਾਂ ਨੂੰ ਭਾਰਤ ਨੇ ਓਦੋਂ ਵੀ ਬੇਤੁਕਾ ਕਿਹਾ ਸੀ। ਅੱਜ ਇਮਰਾਨ ਖਾਨ ਨੇ ਪਾਰਲੀਮੈਂਟ ਵਿਚ ਕਿਹਾ ਕਿ ਵੱਡੀ ਪਲਾਨਿੰਗ ਨਾਲ ਭਾਰਤ ਨੇ ਪਾਕਿਸਤਾਨ ਨੂੰ ਅਸਥਿਰ ਕਰਨ ਦਾ ਪਲਾਨ ਬਣਾਇਆ ਸੀ, ਅੱਤਵਾਦੀ ਬਹੁਤ ਸਾਰਾ ਅਸਲਾ ਲੈ ਕੇ ਆਏ ਸਨ, ਇਨਾਂ ਦਾ ਸਿਰਫ ਇਕੋ ਨਿਸ਼ਾਨਾ ਸਟਾਕ ਐਕਸਚੇਂਜ਼ ਵਿਚ ਵੜ ਕੇ ਮੁੰਬਈ ਵਾਂਗ ਵੱਡੀ ਦਹਿਸ਼ਤਗਰਦੀ ਕਰਨ ਦਾ ਸੀ। ਇਮਰਾਨ ਨੇ ਅੱਗੇ ਕਿਹਾ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਹਮਲੇ ਦੇ ਪਿੱਛੇ ਭਾਰਤ ਹੈ। ਉਨ੍ਹਾਂ ਕਿਹਾ ਕਿ ਦੋ ਮਹੀਨੇ ਤੋਂ ਮੇਰੀ ਕੈਬਨਿਟ ਨੂੰ ਪਤਾ ਸੀ, ਮੈਂ ਆਪਣੇ ਮੰਤਰੀਆਂ ਨੂੰ ਕਿਹਾ ਸੀ ਤੇ ਏਜੰਸੀਆਂ ਹਾਈ ਅਲਰਟ ਉੱਤੇ ਸਨ।

## ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਆਫ਼ ਬਰੈਂਪਟਨ ਵੱਲੋਂ ਕੈਨੇਡਾ-ਡੇਅ ਦੀਆਂ ਕੈਨੇਡਾ-ਵਾਸੀਆਂ ਨੂੰ ਮੁਬਾਰਕਾਂ

ਬਰੈਂਪਟਨ, (ਡਾ. ਝੰਡ) -ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਆਫ਼ ਬਰੈਂਪਟਨ ਦੇ ਪ੍ਰਧਾਨ ਜੰਗੀਰ ਸਿੰਘ ਸੈਂਹਬੀ ਤੋਂ ਪ੍ਰਾਪਤ ਸੂਚਨਾ ਅਨੁਸਾਰ ਐਸੋਸੀਏਸਨ ਦੀ ਕਾਰਜਕਾਰਨੀ ਦੇ ਮੈਂਬਰਾਂ ਦੀ ਇਕ ਮੀਟਿੰਗ ਬੀਤੇ ਐਤਵਾਰ ਨੂੰ ਹੋਈ ਜਿਸ ਵਿਚ ਕਾਰਜਕਾਰਨੀ ਦੇ ਮੈਂਬਰਾਂ ਵੱਲੋਂ ਸਮੂਹ ਕੈਨੇਡਾ-ਵਾਸੀਆਂ ਨੂੰ ਕੈਨੇਡਾ-ਡੇਅ ਦੀਆਂ ਮੁਬਾਰਕਾਂ ਦਿੱਤੀਆਂ ਗਈਆਂ।

ਇਸ ਮੌਕੇ ਮੈਂਬਰਾਂ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਇਹ ਦਿਨ ਸਾਰੇ ਹੀ ਕੈਨੇਡਾ-ਵਾਸੀਆਂ ਲਈ ਬੜਾ ਮਹੱਤਵਪੂਰਨ ਅਤੇ ਮਾਣਮੱਤਾ ਹੈ ਕਿਉਂਕਿ ਇਹ ਕੈਨੇਡਾ ਦਾ ਆਜ਼ਾਦੀ ਦਿਵਸ ਅਤੇ ਕੌਮੀ-ਦਿਵਸ ਹੈ। ਇੱਥੇ ਇਹ ਜ਼ਿਕਰਯੋਗ ਹੈ ਕਿ ਇਸ ਦਿਨ ਪਹਿਲੀ ਜੁਲਾਈ 1867 ਨੂੰ ਕੈਨੇਡਾ ਵਿਚ ਅੰਗਰੇਜ਼ੀ ਰਾਜ ਹੇਠ ਤਿੰਨ ਵੱਖ-ਵੱਖ ਕਲੋਨੀਆਂ ਪ੍ਰੋਵਿੰਸ ਆਫ਼ ਕੈਨੇਡਾ, ਨੋਵਾ ਸਕੋਸ਼ੀਆ ਅਤੇ ਨਿਊ ਬਰੱਨਜ਼ਵਿਕ ਨੂੰ ਇਕ ਕਰਕੇ ਅਤੇ ਡੋਮਿਨੀਅਨ ਬਣਾ ਕੇ ਦੇਸ਼ ਨੂੰ 'ਕੈਨੇਡਾ' ਦਾ ਨਾਂ ਦਿੱਤਾ ਗਿਆ ਸੀ। ਪ੍ਰੋਵਿੰਸ ਆਫ਼ ਕੈਨੇਡਾ ਦੇ ਬਾਅਦ ਵਿਚ ਓਨਟਾਰੀਓ ਅਤੇ ਕਿਊਬਿਕ ਦੋ ਭਾਗ ਕਰ ਦਿੱਤੇ ਗਏ ਸਨ। 1982 ਵਿਚ ਇਸ ਦਿਨ ਨੂੰ 'ਡੋਮਿਨੀਅਨ ਡੇਅ' ਵੀ ਕਿਹਾ ਗਿਆ ਪਰ ਵਧੇਰੇ ਕਰਕੇ ਇਹ ਦਿਨ 'ਕੈਨੇਡਾ ਡੇਅ' ਵਜੋਂ ਹੀ ਜਾਣਿਆਂ ਜਾਂਦਾ ਹੈ। ਲੋਕ ਇਸ ਦਿਨ ਮਿਲ ਕੇ ਕਈ ਈਵੈਂਟਸ ਦਾ ਆਯੋਜਨ ਕਰਦੇ ਹਨ। ਉਹ ਖ਼ੂਬ ਖ਼ੁਸ਼ੀਆਂ ਮਨਾਉਂਦੇ ਹਨ ਅਤੇ ਇਕ ਦੂਸਰੇ ਨੂੰ ਵਧਾਈਆਂ ਦਿੰਦੇ ਹਨ।

ਇਸ ਮੁਬਾਰਕ ਦਿਨ 'ਤੇ ਮੈਂਬਰਾਂ ਨੇ ਕੈਨੇਡਾ ਦੀਆਂ ਸਾਰੀਆਂ ਕਮਿਊਨਿਟੀਆਂ ਨੂੰ ਰਲ ਮਿਲ ਕੇ ਆਪਸ ਵਿਚ ਪ੍ਰੇਮ-ਪਿਆਰ ਅਤੇ ਭਰਾਤਰੀਭਾਵ ਨਾਲ ਵਿਚਰਨ ਲਈ ਸ਼ੁਭ-ਕਾਮਨਾਵਾਂ ਦਿੱਤੀਆਂ। ਮਹਾਂਮਾਰੀ ਕੋਰੋਨਾ ਦੇ ਅਜੋਕੇ ਚੱਲ ਰਹੇ ਪ੍ਰਕੋਪ ਤੋਂ ਆਪਣਾ ਬਚਾਅ



ਕਰਨ ਲਈ ਉਨ੍ਹਾਂ ਸਾਰਿਆਂ ਨੂੰ ਫ਼ੈਡਰਲ, ਪ੍ਰੋਵਿੰਸ਼ੀਅਲ ਅਤੇ ਸਥਾਨਕ ਸਰਕਾਰਾਂ ਵੱਲੋਂ ਸਮੇਂ-ਸਮੇਂ ਪ੍ਰਾਪਤ ਹੋਣ ਵਾਲੀਆਂ ਹਦਾਇਤਾਂ ਅਤੇ ਸਾਵਧਾਨੀਆਂ ਦੀ ਹੂ-ਬਹੂ ਪਾਲਣਾ ਕਰਨ ਲਈ ਵੀ ਬੇਨਤੀ ਕੀਤੀ। ਉਨ੍ਹਾਂ ਕਿਹਾ ਕਿ ਇਸ ਨਾਜ਼ੁਕ ਮੌਕੇ ਆਪਸ ਵਿਚ 'ਸੋਸ਼ਲ-ਡਿਸਟੈਂਸਿੰਗ' ਰੱਖਣਾ ਤੇ ਮਾਸਕ ਪਹਿਨਣਾ ਸਾਡੇ ਸਾਰਿਆਂ ਲਈ ਅਤੀ ਜ਼ਰੂਰੀ ਹੈ ਅਤੇ ਇਸ ਦੇ ਨਾਲ ਹੀ ਸਾਨੂੰ ਸਮੂਹਿਕ-ਇਕੱਠਾਂ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ। ਇਸ ਮੌਕੇ ਉਨ੍ਹਾਂ ਸਮਾਜ ਵਿਚ ਕਿਸੇ ਤਰ੍ਹਾਂ ਦੀ ਅਣ-ਸੁਖਾਵੀਂ ਘਟਨਾ ਨਾ ਵਾਪਰਨ ਦੀ ਵੀ ਕਾਮਨਾ ਕੀਤੀ। ਅਖ਼ੀਰ ਵਿਚ ਐਸੋਸੀਏਸ਼ਨ ਦੇ ਪ੍ਰਧਾਨ ਜੰਗੀਰ ਸਿੰਘ ਸੈਂਹਬੀ ਵੱਲੋਂ ਕਾਰਜਕਾਰਨੀ ਦੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ।

ਕਾਮਿਆਂ ਦੀ ਲੋੜ

ਫਾਰਮ ਵਿੱਚ ਕੰਮ ਕਰਨ ਲਈ ਕਾਮਿਆਂ ਦੀ ਤੁਰੰਤ ਜਰੂਰਤ ਹੈ । ਮਟਰ ਤੋੜਨ ਲਈ ਬੀਬੀਆਂ ਦੀ ਵੀ ਲੋੜ ਹੈ।
ਪੀਕ ਅਪ ਅਤੇ ਡਰਾਪ ਆਫ ਦਾ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਰੀ ਲਈ ਸੰਪਰਕ ਕਰੋ:
ਸੂਬੇਦਾਰ ਗਰੇਵਾਲ
647-400-0060
ਜਾਂ ਬਲਬੀਰ
284-541-5384



jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

A-One Drivers
TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ

- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ

647-998-7500 ਬਲਵਿੰਦਰ

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal, Co-Host
Iqbal Mahal, Producer & Host
Serving the South Asian Community Since 1976

GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative
(416) 970-5005
Office: 905-488-2100 Ext. 348

Residential | Commercial | Investment

Century 21 President Realty Inc Brokerage* Independently Owned and Operated.
www.vipcondonetwork.com
27 Armthorpe Rd Brampton #3, ON L6T 5M4 | Fax : 905-488-2101

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005

- AZ Tractor trailer program
- Manual transmission & backup training everyday
- We welcome welfare workers & compensation clients

Open Seven Days

Forklift Re-Certification Only $79.00/-

Karnail Singh

416.670.3173 | 905.799.7333
27 Edvac Dr, Brampton, ON L6S 5X8

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 ● For Marketing 647-656-6648

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਨਹੀਓਂ ਰੀਸਾਂ ਸੇਖੇ ਦੀਆਂ!

ਲੇਖਕ-ਨਿੰਦਰ ਘੁਗਿਆਣਵੀ
9417421700

ਬਲਜਿੰਦਰ ਸੇਖਾ ਮੇਰਾ ਉਦੋਂ ਦਾ ਆੜੀ ਹੈ,ਜਦੋਂ ਨਿੱਕਾ ਹੁੰਦਾ ਮੈਂ ਤਾਏ ਸ ਫੌਜਾ ਸਿੰਘ ਬਰਾੜ (ਨਵਰਾਹੀ ਘੁਗਿਆਣਵੀ )ਜੀ ਨਾਲ ਸਾਹਿਤ ਸਭਾਵਾਂ ਵਿਚ ਜਾਇਆ ਕਰਦਾ ਸਾਂ ਤੇ ਬਲਜਿੰਦਰ ਆਪਣੇ ਤਾਏ ਜਰਨੈਲ ਸੇਖਾ ਨਾਲ ਆਉਂਦਾ ਹੁੰਦਾ ਸੀ। ਪਹਿਲੀ ਵਾਰ ਅਸੀ ਜੈਤੋ ਦੇ ਸਰਕਾਰੀ ਕੰਨਿਆ ਸਕੂਲ ਵਿੱਚ ਮਿਲੇ ਸੀ । ਮੈਂ ਤੂੰਬੀ ਨਾਲ ਗੀਤ ਗਾਏ। ਸੇਖਾ ਮੇਰਾ ਆੜੀ ਬਣ ਗਿਆ ਓਦਣ ਤੋਂ। ਇਉਂ ਅਸੀਂ ਗਾਹੇ ਬਗਾਹੇ ਇਕੱਠੇ ਹੁੰਦੇ ਰਹਿੰਦੇ। ਉਦੋਂ ਇਹਦੇ ਘਰੇਲੂ ਨਿੱਕੇ ਨਾਂ ਬਾਰੇ ਵੀ ਪਤਾ ਲਗਿਆ ਕਿ ਇਹ 'ਟੀਟੂ' ਹੈ। ਕਦੇ ਉਹ ਭੰਡਾਂ ਦੀਆਂ ਨਕਲਾਂ ਲਾਹੁੰਦਾ। ਕਦੇ ਗਾਉਂਦਾ। ਕਦੇ ਕਵਿਤਾ ਪੜਦਾ। ਮੈਂ ਉਹਦੇ ਨਾਲ ਪਿੰਡ ਵੀ ਗਿਆ ਸੇਖੇ।ਸਮਾਂ ਬਦਲਿਆ। ਕਹਾਣੀਕਾਰ ਹਰਪ੍ਰੀਤ ਸੇਖਾ ਤੇ ਨਾਵਲਕਾਰ ਦਵਿੰਦਰ ਸੇਖਾ ਦੇ ਚਚੇਰੇ ਭਰਾ ਬਲਜਿੰਦਰ ਦਾ ਤਾਏ ਸਵ.ਮਾਸਟਰ ਹਰਚੰਦ ਸਿੰਘ ਤੇ ਤਾਈ ਜਗਦੀਸ਼ ਕੋਰ ਨੇ ਉਸਦਾ ਵਿਆਹ ਕਰਕੇ ਉਹਨੂੰ ਟੋਰਾਂਟੋ ਬੁਲਾ ਲਿਆ।

ਜਦ ਮੈਂ 2001 ਵਿਚ ਪਹਿਲੀ ਵਾਰੀ ਟੋਰਾਂਟੋ ਆਇਆ ਤਾਂ ਬਲਜਿੰਦਰ ਸੇਖਾ ਹੁੱਬ ਹੁੱਬ ਕੇ ਮਿਲਿਆ। ਉਦੋਂ ਏਥੇ ਵੀ ਇਸਨੇ ਆਪਣੀ ਕਲਾ ਨੂੰ ਪ੍ਰਫੁੱਲਤ ਕਰਨ ਲਈ ਯਤਨ ਅਰੰਭਣੇ ਸ਼ੁਰੂ ਕੀਤੇ ਹੋਏ ਸਨ। ਅਜੀਤ ਵੀਕਲੀ ਵਾਲਿਆਂ ਆਪਣਾ 24 ਘੰਟੇ ਰੇਡੀਓ ਪਰੋਗਰਾਮ ਚਲਾਇਆ ਤਾਂ ਇਕਬਾਲ ਰਾਮੂਵਾਲੀਆ ਤੇ ਰਛਪਾਲ ਰਾਮੂਵਾਲੀਆ ਆਥਣੇ "ਸ਼ੌਂਕੀ ਦੀ ਮਹਿਫਲ" ਪਰੋਗਰਾਮ ਵਿਚ ਇਕੱਠੇ ਬੋਲਦੇ ਤੇ ਬਲਜਿੰਦਰ ਵੀ ਇਸ ਪਰੋਗਰਾਮ ਦਾ ਸ਼ੰਗਿਾਰ ਬਣਦਾ। ਉਹ ਨਕਲਾਂ ਲਾਹੁੰਦਾ। ਵੰਨ ਸੁਵੰਨਾ ਮੂੰਹ ਬਣਾਉਂਦਾ। ਖਾਸਾ ਹਸਾਉਂਦਾ।

ਹੈਰਾਨੀ ਤੇ ਮਾਣ ਵਾਲੀ ਗੱਲ ਇਹ ਕਿ ਉਹ ਉਨਾ ਵੇਲਿਆਂ ਵਿਚ ਵੀ ਕਈ ਪਾਸਿਓਂ ਸੰਘਰਸ਼ ਕਰ ਰਿਹਾ ਸੀ। ਨਵਾਂ ਨਵਾਂ ਆਇਆ ਸੀ। ਅਨੇਕਾਂ ਔਕੜਾਂ ਤੇ ਦੂਜੇ ਬੰਨੇ ਕਲਾਕਾਰੀ ਵਾਸਤੇ ਵਕਤ ਕੱਢਣਾ ਕੋਈ ਸੌਖਾ ਨਹੀਂ ਸੀ ਉਸ ਵਾਸਤੇ। ਮੈਂ ਉਹਦੇ ਸਿਦਕ ਨੂੰ ਸਜਦਾ ਕਰਦਿਆਂ ਆਖਿਆ ਸੀ ਕਿ ਤੇਰੀ ਮਿਹਨਤ ਰੰਗ ਲਿਆਊ। ਉਹਦਾ ਸਾਰਾ ਪਰੀਵਾਰ ਉਸਨੂੰ ਲਗਾਤਾਰ ਹੱਲਾਸ਼ੇਰੀ ਦੇ ਰਿਹਾ ਸੀ। ਬਲਜਿੰਦਰ ਤੇ ਲਖਵਿੰਦਰ ਸੰਧੂ ਨੇ ਭੰਡਾਂ ਦੀ ਜੋੜੀ ਬਣਾ ਲਈ। ਕਨੇਡਾ ਅਮਰੀਕਾ ਦੇ ਟੀਵੀ ਪਰੋਗਰਾਮਾਂ ਵਿਚ ਆਉਣ ਲੱਗੇ। ਸਰੀ ਗਦਰੀ ਬਾਬਿਆਂ ਦਾ ਮੇਲਾ ਸਾਹਿਬ ਥਿੰਦ ਹੁਰਾਂ ਦਾ। ਚਾਲੀ ਹਜ਼ਾਰ ਤੋਂ ਵੀ ਵੱਧ ਪੰਜਾਬੀਆਂ ਦਾ ਇਕੱਠ। ਗਿੱਲ ਹਰਦੀਪ ਦੇ ਗੀਤ -ਕਰੀਂ ਕਿਤੇ ਮੇਲ ਰੱਬਾ ਦਿੱਲੀ ਤੇ ਲਾਹੌਰ ਦਾ-'ਤੇ ਸਵ.ਕੁਲਦੀਪ ਮਾਣਕ ਤੇ ਸ਼ੌਕਤ ਅਲੀ ਨੇ ਗਾਉਂਦਿਆ ਗਾਉਂਦਿਆਂ ਪੱਗਾਂ ਵਟਾਈਆਂ। ਮੈਨੂੰ ਸ਼ਹੀਦ ਮੇਵਾ ਸਿੰਘ ਲੈਪੋਕੇ ਪੁਰਸਕਾਰ ਨਾਲ ਨਿਵਾਜਿਆ ਸੀ। ਇਥੇ ਬਲਜਿੰਦਰ ਹੁਰਾਂ ਖੂਬ ਰੰਗ ਬੰਨਿਆ। ਕਮਾਲਾਂ ਕਰਤੀਆਂ।

ਅਜਕਲ ਪੰਜਾਬ ਦਾ ਮਾਣ ਬਲਜਿੰਦਰ ਸੇਖਾ ਆਪਣੇ ਕਲਾਮਈ ਕਾਰਜਾਂ ਕਰ ਕੇ ਪੂਰੀ ਕੈਨੇਡਾ ਵਿਚ ਛਾਇਆ ਹੋਇਆ ਹੈ ਤੇ ਮੈਨੂੰ ਆਪਣੇ ਪੁਰਾਣੇ ਆੜੀ ਤੇ ਉਤੇ ਮਾਣ ਮਹਿਸੂਸ ਹੁੰਦੈ। ਆਓ ਹੁਣ ਉਹਦੇ ਕੀਤੇ ਸਮਾਜਿਕ,ਸਭਿਆਚਾਰਕ ਤੇ ਕਲਾਮਈ ਕਾਰਜਾਂ ਉਤੇ ਪੰਛੀ ਝਾਤ ਪਾਈਏ।

ਬਲਜਿੰਦਰ ਸਿੰਘ ਸੇਖਾ ਦਾ ਜਨਮ ਸ:ਗੁਰਦੇਵ ਸਿੰਘ ਸਰਾਂ ਦੇ ਘਰ ਮਾਤਾ ਸਵ.ਚਰਨਜੀਤ ਕੌਰ ਦੀ ਕੁੱਖੋਂ ਜਿਲ੍ਹਾ ਮੋਗਾ ਦੇ ਪਿੰਡ ਸੇਖਾ ਕਲਾਂ ਦੇ ਵਿੱਚ ਹੋਇਆ। ਬਲਜਿੰਦਰ ਸੇਖਾ ਬੁਹਪੱਖੀ ਸਖਸ਼ੀਅਤ ਦਾ ਮਾਲਿਕ ਹੈ। ਹੁਣ ਵੀ ਆਏ ਦਿਨ ਕੋਈ ਨਾ ਕੋਈ ਵਿਲੱਖਣ ਚੀਜ ਆਪਣਾ ਚਾਹੁੰਣ ਵਾਲਿਆ ਲਈ ਜਰੂਰ ਲੈ ਕੇ ਆਉਂਦਾ ਹੈ। ਪੜ੍ਹਾਈ ਦੇ ਸਫਰ ਦੋਰਾਨ ਹੀ ਇਹ ਗਾਇਕ ਰਾਜ ਬਰਾੜ ਦਾ ਬਹੁਤ ਕਰੀਬੀ ਦੋਸਤ ਬਣ ਗਿਆ ਸੀ।ਰਾਜ ਬਰਾੜ ਨੇ ਓਹਨਾ ਦੀ ਪਲੇਠੀ ਕਾਮੇਡੀ ਕੈਸਟ ( ਛਿੱਤਰੋ ਛਿੱਤਰੀ) ਦਾ ਕੰਮ ਬਿਨਾ ਕਿਸੇ ਸਵਾਰਥ ਦੇ, ਆਪਣੀ ਦੇਖ ਰੇਖ ਵਿੱਚ ਕੀਤਾ ਸੀ।



ਪੰਜਾਬ ਵਿੱਚ ਰਹਿੰਦਿਆਂ ਵਿਆਹਾਂ ਤੇ ਕਦੇ ਮੇਲਿਆ 'ਤੇ ਆਪ ਨੇ ਵੱਖ-ਵੱਖ ਕਲਾਕਾਰਾਂ ਨਾਲ ਕੰਮ ਕਰਕੇ ਆਪਣੀਆਂ ਫੀਸਾਂ ਅਤੇ ਖਰਚੇ ਪੂਰੇ ਕੀਤੇ ਪਰ ਕੋਈ ਵੀ ਮਜਬੂਰੀ ਬਲਜਿੰਦਰ ਸੇਖਾ ਨੂੰ ਆਪਣੀ ਮੰਜਿਲ ਵੱਲ ਜਾਣ ਤੋ ਨਹੀ ਰੋਕ ਸਕੀ।

13 ਅਪ੍ਰੈਲ 2013 ਨੂੰ ਸਿੱਖ ਹੇਰੀਟੇਜ ਮੰਥ ਨੂੰ ਉਨਟਾਰੀਓ ਸਰਕਾਰ ਵੱਲੋਂ ਮਾਨਤਾ ਦਿੱਤੀ ਗਈ । ਇਸ ਮੌਕੇ 'ਤੇ ਆਪ ਵੱਲੋਂ ਦੁਨੀਆਂ ਦਾ ਸਿੱਖ ਹੈਰੀਟੇਜ ਬਟਨ ਤਿਆਰ ਕਰਕੇ ਵਿਧਾਨ ਸਭਾ ਵਿੱਚ ਪਾਸ ਕਰਵਾਇਆ ਗਿਆ, ਕਨੇਡਾ ਦੀ ਪਾਰਲੀਮੈਂਟ ਵਿੱਚ ਵਿਸਾਖੀ ਦੇ ਮੌਕੇ ਕਨੇਡਾ ਦੇ ਮੈਂਬਰ ਪਾਰਲੀਮੈਂਟਾਂ ਦੇ ਕੋਟ ਦੇ ਕਾਲਰ ਦਾ ਸ਼ਿੰਗਾਰ ਬਣਿਆ, ਜਿਸ ਦੇ ਡਿਜਾਇਨ ਦੀ ਕਨੇਡਾ ਅਮਰੀਕਾ ਅਤੇ ਸਾਰੀ ਦੁਨੀਆ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਡਿਜਾਇਨ ਦੀ ਭਰਪੂਰ ਸ਼ਲਾਘਾ ਕੀਤੀ ਗਈ। ਆਪ ਨੇ ਗਦਰੀ ਬਾਬਿਆਂ ਦੇ ਮੇਲੇ ਤੇ ਪ੍ਰੋ.ਮੋਹਨ ਸਿੰਘ ਫਾਊਡਰੇਸਨ ਦੇ ਸਾਹਿਬ ਥਿੰਦ ਨਾਲ ਮਿਲਕੇ ਕਾਮਾਗਾਟਾ ਮਾਰੂ ਤ੍ਰਾਸਦੀ ਦਾ ਚਿੱਤਰ ਤਿਆਰ ਕਰਕੇ ਕਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੂੰ ਭੇਟ ਕੀਤਾ ਕੀਤਾ । ਆਪ ਦੇ ਦੁਆਰਾ 2018 ਨੂੰ ਕਨੇਡਾ ਡੇਅ ਮੌਕੇ ਤੇ ਕਨੇਡਾ ਪੋਸਟ ਦੇ ਰਾਹੀਂ ਡਾਕ ਟਿਕਟ ਤਿਆਰ ਕੀਤੀ ਗਈ । ਕਨੇਡਾ ਡੇਅ ਤੇ 2017 ਨੂੰ ਗੋ ਕਨੇਡਾ ( ) ਗੀਤ ਗਾ ਕੇ ਸਾਰੀ ਦੁਨੀਆ ਵਿੱਚ ਬੱਲੇ ਬੱਲੇ ਕਰਵਾਈ। ਇਸ ਗੀਤ ਨੂੰ ਰਿਕਾਰਡ ਤੋੜ ਸਫਲਤਾ ਪ੍ਰਾਪਤ ਹੋਈ , ਇੰਡੀਆ ਅਤੇ ਕਨੇਡਾ ਦੇ ਵੱਖ-ਵੱਖ ਇੰਗਲਿਸ਼ ਨਿਊਜ ਚੈਨਲਾਂ ਨੇ ਲਗਾਤਾਰ ਦਿਖਾਇਆ। ਕਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਵੀ ਪ੍ਰਸੰਸਾ ਪੱਤਰ ਭੇਟ ਕੀਤਾ ਗਿਆ।

11 ਨਵੰਬਰ 2018 ਨੂੰ 100ਵੇਂ ਰੈਮੈਮਬਰਸ ਡੇਅ 'ਤੇ ਸੰਸਾਰ ਯੁਧ ਦੇ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਬਹੁਤ ਹੀ ਵਧੀਆ ਚਿੱਤਰ ਪੰਜਾਬੀ ਵਿੱਚ ਤਿਆਰ ਕੀਤਾ। ਗੁਰੂ ਨਾਨਕ ਦੇਵ ਜੀ ਦੇ 550ਵੇ ਜਨਮ ਦਿਨ 'ਤੇ ਕਮਾਲ ਦਾ ਚਿੱਤਰ ਡਿਜਾਇਨ ਕੀਤਾ। 2019 ਵਿਚ ਕਨੇਡਾ ਡੇਅ 'ਤੇ ਆਪ ਨੇ ਕਨੇਡਾ ਦਾ ਝੰਡਾ ਮੋਤੀਆਂ ਨਾਲ ਤਿਆਰ ਕੀਤਾ। ਬਰੈਮਪਟਨ ਸਿਟੀ ਵੱਲੋਂ ਆਪ ਨੂੰ ਬੈੱਸਟ ਸਿਟੀਜਨ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਬਲਜਿੰਦਰ ਸੇਖਾ ਨੇ ਗਾਇਕੀ ਦੇ ਖੇਤਰ ਵਿੱਚ ਵੀ ਪ੍ਰਸੰਸਾ ਯੋਗ ਮੱਲਾਂ ਮਾਰੀਆਂ ਅਤੇ ਮਹਾਨ ਸ਼ਾਇਰ ਬਾਬੂ ਰਜਬ ਅਲੀ ਖਾਨ ਜਿੰਨਾ ਦੀ ਸ਼ਾਇਰੀ ਪੜ੍ਹਨੀ ਸੁਖਾਲੀ ਅਤੇ ਗਾਉਣੀ ਬੜੀ ਔਖੀ ਹੈ (ਵਤਨ ਦੀਆਂ ਤਾਂਘਾਂ ਅਤੇ ਮੇਰੇ ਦਸ਼ਮੇਸ਼ ਗੁਰੂ ) ਅਤੇ ਸੰਤ ਰਾਮ ਉਦਾਸੀ ਦੀ ਕਵਿਤਾ (ਚਮਕੌਰ ਦੀ ਗੜੀ ਦੇ ਦ੍ਰਿਸਟਾਂਤ ਨੂੰ ਸਿੰਘਾ ਦਾ ਜੇਰਾ) ਗੀਤ ਵਿੱਚ ਗਾ ਕੇ ਆਪਣੀ ਕਲਾ ਦਾ ਲੋਹਾ ਮਨਵਾਇਆ ਅਤੇ ਗੋ ਕਨੇਡਾ ਅਤੇ ਹੈਪੀ ਨਿਊ ਇਅਰ , ਮਾਂ ਗੀਤ ਕੈਰੀਅਰ ਦੇ ਸੁਨਹਿਰੀ ਗੀਤ ਹਨ । ਸੰਗੀਤਕਾਰ ਦਿਲਖੁਸ ਥਿੰਦ ,ਰਣਜੀਤ ਸਿੰਘ ਬਰਨਾਲਾ ਨੇ ਸੰਗੀਤ ਵਿੱਚ ਆਪ ਦਾ ਸਾਥ ਦਿੱਤਾ ਹੈ।ਬਲਜਿੰਦਰ ਨੇ ਜਿੰਦਗੀ ਦੇ ਵੱਖ-ਵੱਖ ਖੇਤਰ ਵਿੱਚ ਬਹੁਤ ਨਾਮਣਾ ਖੱਟਿਆ ਹੈ। ਖੂਨਦਾਨੀ ਬਲਜਿੰਦਰ ਸੇਖਾ ਨੇ ਆਪਣੀ ਸਵ.ਮਾਤਾ ਚਰਨਜੀਤ ਕੌਰ ਜੀ ਦੀਆ ਅੱਖਾਂ ਦਾਨ ਕਰਕੇ ਸਲਾਘਾ ਯੋਗ ਕੰਮ ਕੀਤਾ । ਜਿਸ ਨਾਲ ਦੋ ਲੋੜਵੰਦਾ ਨੂੰ ਦਿਸਣ ਲੱਗਿਆ ਤੇ ਕਨੇਡਾ ਆਈ ਬੈਂਕ ਨੇ ਪ੍ਰਸੰਸਾ ਪੱਤਰ ਭੇਟ ਕੀਤਾ । ਇਸਦੇ ਕੰਮਾਂ ਲਈ ਯੂ ਐਨ ਓ ਨੇ ਵੀ ਪ੍ਰਸੰਸਾ ਪੱਤਰ ਭੇਟ ਕੀਤਾ ਹੈ।ਹੁਣ ਕਰੋਨਾਵਾਈਰਸ ਦੇ ਸਮੇ ਲੋਕਾਂ ਨੂੰ ਮੁਫ਼ਤ ਖਾਣਾ ਤੇ ਰਾਈਡ ਤੇ ਮੁਹੱਈਆ ਕਰਵਾਉਣ ਤੇ ਇਲਾਵਾ ਸਾਰੀਆਂ ਸੰਸਥਾਵਾਂ ਨਾਲ ਮਿਲਕੇ ਵਾਲੰਟੀਅਰ ਕੰਮ ਕੀਤਾ ।ਇਸਤੋ ਇਲਾਵਾ ਸਰਕਾਰਾਂ ਵੱਲੋਂ ਜਾਰੀ ਸੂਚਨਾਵਾਂ ਨੂੰ ਅੰਗਰੇਜ਼ੀ ਤੋ ਪੰਜਾਬੀ ਵਿੱਚ ਅਨੁਵਾਦ ਕਰਕੇ ਅਖ਼ਬਾਰਾਂ , ਰੇਡੀਓ , ਟੈਲੀਵੀਜ਼ਨ ਤੇ ਸਾਂਝਾ ਕਰਨ ਦਾ ਵਾਲੰਟੀਅਰ ਦੇ ਤੌਰ ਤੇ ਕੰਮ ਕੀਤਾ

ਮੈਨੂੰ ਆਪਣੇ ਦੋਸਤ ਤੇ ਪੰਜਾਬ ਦੇ ਪੁੱਤਰ ਤੇ ਮਾਣ ਹੈ।

ਇਹ ਇੱਥੇ ਹੀ ਰੁਕਣ ਵਾਲਾ ਜਾਂ ਹਾਰ ਹੰਭ ਕੇ ਬੈਠਣ ਵਾਲਾ ਨਹੀਂ। ਲੰਮੀ ਰੇਸ ਦਾ ਘੋੜਾ ਹੈ ਮੇਰਾ ਮਿੱਤਰ!

# ਸੇਵਾਦਲ ਦੀ ਵਰਚੂਅਲ ਈਵੈਂਟ ਨੂੰ ਭਰਵਾਂ ਹੁੰਗਾਰਾ

ਸੀਨੀਅਰ ਸੋਸ਼ਿਲ ਸਰਵਿਸਜ਼ ਗਰੁਪ ਵਲੋਂ 27 ਜੂਨ 2020 ਨੂੰ ਪਰਾਈਮ ਟਾਈਮ, ਸ਼ਾਮੀ 7,30 ਵਜੇ ਕੀਤੀ ਗਈ ਵਰਚੂਅਲ ਈਵੈਂਟ ਨੂੰ ਭਾਈਚਾਰੇ ਵਲੋਂ ਭਰਵਾਂ ਹੁੰਗਾਰਾ ਮਿਲਿਆ। ਸੈਂਕੜੇ ਲੋਕਾਂ ਨੇ 2 ਘੰਟੇ ਦੇ ਇਸ ਪਰੋਗਰਾਮ ਦਾ ਅਨੰਦ ਮਾਣਿਆ। ਅਗਲੇ ਦਿਨ, ਬਹੁਤ ਸਾਰੇ ਪ੍ਰਸ਼ੰਸਕਾ ਵਲੋਂ ਵਧਾਈ ਸੰਦੇਸ਼ ਪ੍ਰਾਪਤ ਹੋਏ ਜਿਨ੍ਹਾ ਨੇ ਇਸ ਨੂੰ ਵੇਖਿਆ ਸੀ। ਪਿਛਲੇ ਕਈ ਸਾਲਾਂ ਤੋਂ ਸੰਸਥਾ ਵਲੋਂ ਮਲਟੀਕਲਚਰ ਈਵੈਂਟ, ਬ੍ਰੈਪਟਨ ਸੌਕਰ ਸੈਂਟਰ ਵਿਚ ਹਰ ਸਾਲ ਮਨਾਈ ਜਾਂਦੀ ਰਹੀ ਹੈ। ਕਰੋਨਾ ਵਾਇਰਸ ਕਾਰਣ 2020 ਵਿਚ ਇਹ ਮੁਮਕਿਨ ਨਾ ਹੋ ਸਕਿਆ।

ਫਲਸਰੂਪ ਸੰਸਥਾ ਦੇ ਵਲੰਟੀਅਰਜ਼ ਨੇ ਨਵੇਂ ਜ਼ਮਾਨੇ ਨਾਲ ਕਦਮ ਮਿਲਾਂਦੇ ਹੋਇਆ ਇਸ ਨੂੰ 'ਵਰਚੂਅਲ ਈਵੈਂਟ' ਦੇ ਤੌਰ ਉਪਰ ਕਰਨ ਦਾ ਬੀੜਾ ਚੁਕਿਆ। ਇਕ ਤਰ੍ਹਾ ਨਾਲ ਇਹ, ਦੋ ਘੰਟੇ ਦੀ ਮੂਵੀ ਤਿਆਰ ਕੀਤੀ ਗਈ ਸੀ ਜਿਸਨੂੰ ਸੁਰਸਾਗਰ ਟੀਵੀ ਦੇ ਸਹਿਯੋਗ ਨਾਲ ਦਰਸ਼ਕਾ ਤਕ ਪਹੁੰਚਾਇਆ ਗਿਆ। ਇਸ ਮੌਕੇ ਐਪੀ ਕਮਲ ਖਹਿਰਾ ਨੇ ਆਖਿਆ ਕਿ ਸਾਡੇ ਸੀਨੀਅਰਜ ਅਨਸਟਾਪੇਬਲ ਹਨ ਜੋ ਕਿਸੇ ਵੀ ਹਾਲਤ ਵਿਚ ਆਪਣੀਆਂ ਪ੍ਰੰਪਰਾਵਾ ਨੂੰ ਕਾਇਮ ਰਖ ਸਕਦੇ ਹਨ। ਇਹੀ ਸਾਡੀ ਸ਼ਕਤੀ ਹੈ। ਐਮਪੀ ਸੋਨੀਆ ਸਿਧੂ, ਐਮਪੀ ਮਨਿੰਦਰ ਸਿਧੂ ਅਤੇ ਐਮਪੀਪੀ ਦੀਪਕ ਅਨੰਦ ਨੇ ਵੀ ਆਪਣੇ ਅਜਿਹੇ ਵਿਚਾਰ ਦਰਸ਼ਕਾਂ ਨਾਲ ਸਾਂਝੇ ਕੀਤੇ। ਸਮੂੰਹ ਪ੍ਰੋਗਰਾਮ ਦਾ ਮੁੱਦਾ ਮਲਟੀਕਲਚਰ ਨੂੰ ਸਮਰਪਿਤ ਸੀ। ਸਾਬਤ ਕੀਤਾ ਗਿਆ ਕਿ ਬਾਬਾ ਨਾਨਕ, ਸਾਹਿਬ ਗੁਰੂ ਗੋਬਿੰਦ ਸਿੰਘ ਜੀ ਅਤੇ ਭੂਤਕਾਲ ਦੇ ਅਨੇਕਾਂ ਮਹਾਂ ਪੁਰਖ ਅਤੇ ਸ਼ਾਸਕ ਮਲਟੀਕਲਚਰ ਨੂੰ ਪਰਨਾਏ ਹੋਏ ਸਨ। ਪੰਜਾਬੀ ਕਮਿਨਟੀ ਹੈਲਥ ਸੈਨਟਰ ਵਲੋਂ ਤਿਆਰ ਕੀਤੀ ਗਈ ਇਕ ਡੌਕੂਮੈਂਟਰੀ ਵਿਖਾਈ ਗਈ ਜਿਸ ਵਿਚ ਭਾਈਚਾਰੇ ਦੇ ਬਜ਼ੁਰਗਾ ਦੀ ਅਣਦੇਖੀ ਅਤੇ ਬੇਆਰਾਮੀ ਦਾ ਜ਼ਿਕਰ ਸੀ। ਅਗਲੇ ਦਿਨੀ, ਕਿਸੇ ਦਰਸ਼ਕ ਨੇ ਪੁਛਿਆ ਸੀ ਕਿ ਕਨੇਡਾ ਸੌਂਗ ਦੀ ਐਡੀ ਸੁੰਦਰ ਕਲਿਪ ਤੁਸਾਂ ਕਿਥੋਂ ਲਈ ਸੀ। ਅਸੀਂ ਪਹਿਲੋ ਕਦੇ ਨਹੀ ਵੇਖੀ ਸੁਣੀ ਸੀ। ਮਨੋਰੰਜਨ ਲਈ ਵਿਖਾਏ ਸਾਰੇ ਗਾਣੇ ਹੀ ਬਹੁਤ ਉਚਕੋਟੀ ਦੇ ਸਨ। ਈਵੈਂਟ ਦੀ ਟੀਵੀ ਪਰੋਜੈਕਸ਼ਨ ਅਤੇ ਵੀਡੀਓ ਗਰਾਫੀ ਦੀ ਕੁਆਲਟੀ ਸਲਾਹੁਣ ਯੋਗ ਸੀ।




# ਬਲੋਚਾਂ ਦੀ ਬਗਾਵਤ ਪਰ ਤੋਲਣ ਲੱਗੀ

-ਦੀਪਕ ਜਲੰਧਰੀ

ਕਰਾਚੀ ਸਟਾਕ ਐਕਸਚੇਂਜ ਦੀ ਇਮਾਰਤ ਉੱਤੇ ਸੋਮਵਾਰ ਸਵੇਰੇ ਹੋਏ ਅੱਤਵਾਦੀ ਹਮਲੇ ਦੀ ਜ਼ਿੰਮੇਵਾਰੀ ਪਾਬੰਦੀ ਸ਼ੁਦਾ ਬਲੋਚ ਲਿਬਰੇਸ਼ਨ ਆਰਮੀ ਨੇ ਲਈ ਹੈ। ਇਸ ਹਮਲੇ ਵਿੱਚ ਚਾਰ ਸੁਰੱਖਿਆ ਗਾਰਡਾਂ, ਇੱਕ ਪੁਲਸ ਮੁਲਾਜ਼ਮ ਅਤੇ ਚਾਰ ਅੱਤਵਾਦੀਆਂ ਸਮੇਤ 11 ਵਿਅਕਤੀਆਂ ਦੀ ਮੌਤ ਹੋ ਗਈ ਸੀ। ਵਰਨਣ ਯੋਗ ਹੈ ਕਿ ਉਕਤ ਬਾਗੀ ਧੜਾ ਪਾਕਿਸਤਾਨ ਵੱਲੋਂ ਬਲੋਚਾਂ 'ਤੇ ਲੰਬੇ ਸਮੇਂ ਤੋਂ ਕੀਤੇ ਜਾ ਰਹੇ ਜ਼ੁਲਮ ਦੇ ਵਿਰੋਧ ਵਿੱਚ ਸਮੇਂ-ਸਮੇਂ ਅਜਿਹੀਆਂ ਹਿੰਸਕ ਕਾਰਵਾਈਆਂ ਕਰ ਕੇ ਦੁਨੀਆ ਦਾ ਧਿਆਨ ਖਿੱਚਦਾ ਰਹਿੰਦਾ ਹੈ। ਬਲੋਚ ਲਿਬਰੇਸ਼ਨ ਆਰਮੀ ਨੇ ਪਾਕਿ ਫੌਜ ਵੱਲੋਂ ਕੀਤੇ ਜਾਂਦੇ ਕਤਲਾਂ ਅਤੇ ਅਗਵਾ ਦੀਆਂ ਘਟਨਾਵਾਂ ਦਾ ਬਦਲਾ ਲੈਂਦੇ ਹੋਏ 2020 ਦੇ ਮਈ ਮਹੀਨੇ ਦੇ ਦੂਜੇ ਹਫਤੇ ਵਿੱਚ ਪਾਕਿ ਫੌਜੀ ਟੁਕੜੀ 'ਤੇ ਘਾਤ ਲਾ ਕੇ ਹਮਲਾ ਕਰ ਦਿੱਤਾ ਸੀ, ਜਿਸ ਵਿੱਚ ਮੇਜਰ ਨਦੀਮ ਅੱਬਾਸ ਭੱਟੀ ਸਮੇਤ ਪੰਜ ਫੌਜੀ ਮਾਰੇ ਗਏ ਸਨ।

ਬਲੋਚ ਭਾਈਚਾਰੇ ਦੀਆਂ ਮੰਗਾਂ ਬਾਰੇ ਜਾਨਣ ਤੋਂ ਪਹਿਲਾਂ ਉਨ੍ਹਾਂ ਦਾ ਇਤਿਹਾਸ ਜਾਨਣਾ ਜ਼ਰੂਰੀ ਹੈ। ਬਲੋਚਿਸਤਾਨ ਨੇ 11 ਅਗਸਤ 1947 ਨੂੰ ਆਪਣੀ ਆਜ਼ਾਦੀ ਦਾ ਐਲਾਨ ਕਰ ਦਿੱਤਾ ਸੀ। ਜਦ 15 ਅਗਸਤ 1947 ਨੂੰ ਭਾਰਤ ਆਜ਼ਾਦ ਹੋਇਆ ਤਾਂ ਬਲੋਚਾਂ ਨੇ ਉਸ ਨਾਲ ਰਲਣ ਦਾ ਫੈਸਲਾ ਕੀਤਾ ਸੀ। ਇਹ ਗੱਲ ਪਾਕਿਸਤਾਨੀ ਹਕੂਮਤ ਨੂੰ ਸੂਲ ਵਾਂਗ ਚੁੱਭੀ ਤੇ ਉਸ ਨੇ ਫੌਜ ਤੋਂ ਬਲੋਚਿਸਤਾਨ 'ਤੇ ਹਮਲਾ ਕਰਵਾ ਦਿੱਤਾ। ਸੰਨ 2009 ਵਿੱਚ ਇੱਕ ਨਿਰਪੱਖ ਸੰਮੇਲਨ ਹੋਇਆ ਸੀ ਜਿਸ ਨੂੰ ਸ਼ਰਮ-ਅਲ-ਸ਼ੇਖ ਸਮਝੌਤਾ ਕਿਹਾ ਜਾਂਦਾ ਹੈ। ਇਸ ਸੰਮੇਲਨ ਵਿੱਚ ਜਦੋਂ ਪਾਕਿਸਤਾਨ ਦੇ ਓਦੋਂ ਦੇ ਪ੍ਰਧਾਨ ਮੰਤਰੀ ਨੇ ਬਲੋਚਿਸਤਾਨ ਵਿੱਚ ਦਖਲ ਦੇਣ ਦਾ ਦੋਸ਼ ਭਾਰਤ ਉਤੇ ਲਾਇਆ ਤਾਂ ਭਾਰਤ ਦੇ ਉਸ ਵਕਤ ਦੇ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਨੇ ਇਸ ਨੂੰ ਪੂਰੀ ਤਰ੍ਹਾਂ ਰੱਦ ਕੀਤਾ ਸੀ। ਇਸ ਤੋਂ ਬਾਅਦ ਪਾਕਿ ਫੌਜ ਨੇ ਬਲੋਚਿਸਤਾਨ ਵਿੱਚ ਖ਼ੂਨੀ ਖੇਡ ਖੇਡਣ ਵਿੱਚ ਕੋਈ ਕਸਰ ਨਾ ਛੱਡੀ। ਮਾਨਵਤਾ ਉਤੇ ਦਾਨਵਤਾ ਭਾਰੂ ਹੁੰਦੀ ਗਈ। ਇੱਕ ਅੰਦਾਜ਼ੇ ਅਨੁਸਾਰ 5000 ਬੱਚੇ ਚੁੱਕ ਲਏ ਗਏ ਜਿਨ੍ਹਾਂ ਦਾ ਅੱਜ ਤੱਕ ਕੋਈ ਥਹੁ ਪਤਾ ਨਹੀਂ ਲੱਗਾ। ਇਹ ਤਾਂਡਵ ਬਲੋਚਿਸਤਾਨ ਵਿੱਚ ਅੱਜ ਵੀ ਜਾਰੀ ਹੈ।

ਪਿੱਛਲੀ ਵਾਰ ਲਾਲ ਕਿਲੇ ਦੀ ਦੀਵਾਰ ਤੋਂ ਭਾਰਤ ਦੇ ਪ੍ਰਧਾਨ ਮੰਤਰੀ ਨੇ ਦੇਰ ਨਾਲ ਹੀ ਸਹੀ, ਬਲੋਚਿਸਤਾਨ ਲੋਕਾਂ ਦਾ ਦਰਦ ਮਹਿਸੂਸ ਕਰਦੇ ਹੋਏ ਹਮਦਰਦੀ ਦੇ ਬੋਲ ਬੋਲੇ। ਬਲੋਚਿਸਤਾਨ 'ਚ ਲੋਕਾਂ 'ਤੇ 77 ਸਾਲਾਂ ਤੋਂ ਜੋ ਜ਼ੁਲਮ ਢਾਹੇ ਜਾ ਰਹੇ ਹਨ, ਮਨੁੱਖਤਾ ਦੀ ਦੁਹਾਈ ਦੇਣ ਵਾਲਿਆਂ ਨੂੰ ਇਸ ਪਾਸੇ ਤੱਕਣ ਦੀ ਫੁਰਸਤ ਨਹੀਂ ਮਿਲੀ।

ਵਿਕਾਸ ਨਾਂਅ ਦੀ ਕੋਈ ਚੀਜ਼ ਪਾਕਿਸਤਾਨ ਦੇ ਚਾਰ ਸ਼ਹਿਰਾਂ ਲਾਹੌਰ, ਇਸਲਾਮਾਬਾਦ, ਕਰਾਚੀ ਤੇ ਰਾਵਲਪਿੰਡੀ ਨੂੰ ਛੱਡ ਕੇ ਕਿਤੇ ਨਜ਼ਰ ਨਹੀਂ ਆਉਂਦੀ। ਇਸੇ ਕਾਰਨ ਫਰੰਟੀਅਰ ਵਿੱਚ ਰੋਜ਼ ਕਤਲ ਹੋ ਰਹੇ ਹਨ। ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ (ਪੀ ਓ ਕੇ) ਵਿੱਚ ਮੁਜ਼ਾਹਰੇ ਹੋ ਰਹੇ ਹਨ। ਅੱਜਕੱਲ੍ਹ ਪਾਕਿਸਤਾਨ ਚਾਰ ਭਾਗਾਂ ਵਿੱਚ ਵੰਡਿਆ ਹੋਇਆ ਨਜ਼ਰ ਆ ਰਿਹਾ ਹੈ। ਫੌਜ ਦੀ ਗੋਲੀ ਤੇ ਡਰੋਨ ਨਾਲ ਬੰਬ ਸੁੱਟਣ ਵਾਲੀ ਨੀਤੀ ਨੇ ਸਮੂਹ ਪਾਕਿਸਤਾਨੀਆਂ ਵਿੱਚ ਪ੍ਰੇਸ਼ਾਨੀ ਪੈਦਾ ਕੀਤੀ ਹੋਈ ਹੈ। ਕੇਵਲ ਪਾਕਿ ਫੌਜ ਦੇ ਸਮਰਥਕ ਹੀ ਖੁਸ਼ ਹਨ। ਸਾਧਾਰਨ ਲੋਕ ਤਾਂ ਨਰਕ ਭਰੀ ਜ਼ਿੰਦਗੀ ਗੁਜ਼ਾਰ ਰਹੇ ਹਨ।

ਇੱਕ ਪਾਕਿਸਤਾਨੀ ਪੱਤਰਕਾਰ ਨੇ ਇੱਕ ਟੀ ਵੀ ਚੈਨਲ 'ਤੇ ਬਹੁਤ ਹੀ ਤਲਖ ਲਹਿਜ਼ੇ ਵਿੱਚ ਕਿਹਾ ਸੀ ਕਿ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਬਲੋਚਿਸਤਾਨ ਦੀ ਆਜ਼ਾਦੀ ਦੀ ਗੱਲ ਹੀ ਨਹੀਂ ਕਰਨੀ ਚਾਹੀਦੀ। ਉਸ ਪੱਤਰਕਾਰ ਨੂੰ ਸਾਡਾ ਇਹ ਕਹਿਣਾ ਹੈ ਕਿ 'ਬੋਏ ਪੇੜ ਬਬੂਲ ਕੇ, ਆਮ ਕਹਾਂ ਸੇ ਹੋਏ।' ਭਾਰਤ ਦੀ ਕਦੇ ਵੀ ਇਹ ਸੋਚ ਨਹੀਂ ਰਹੀ ਕਿ ਕਿਸੇ ਦੇਸ਼ ਦੇ ਅੰਦਰੂਨੀ ਮਸਲਿਆਂ ਵਿੱਚ ਦਖਲ ਦਿੱਤਾ ਜਾਵੇ। ਜਦੋਂ ਜ਼ੁਲਫਕਾਰ ਅਲੀ ਭੁੱਟੋ ਨੂੰ ਫਾਂਸੀ ਦੀ ਸਜ਼ਾ ਹੋਈ, ਉਸ ਵੇਲੇ ਭਾਰਤ ਵਿੱਚ ਜਨਤਾ ਪਾਰਟੀ ਦੀ ਸਰਕਾਰ ਸੀ। ਭਾਰਤ ਦੇ ਓਦੋਂ ਦੇ ਪ੍ਰਧਾਨ ਮੰਤਰੀ ਮੋਰਾਰਜੀ ਦੇਸਾਈ ਨੇ ਲੱਖਾਂ ਪਾਕਿਸਤਾਨੀਆਂ ਦੀ ਫਰਿਆਦ ਦੇ ਉੱਤਰ ਵਿੱਚ ਕੇਵਲ ਇਹੀ ਕਿਹਾ ਸੀ ਕਿ 'ਇਹ ਪਾਕਿਸਤਾਨ ਦਾ ਅੰਦਰੂਨੀ ਮਾਮਲਾ ਹੈ। ਸਾਡਾ ਇਸ 'ਤੇ ਕੁਝ ਵੀ ਕਹਿਣਾ ਠੀਕ ਨਹੀਂ ਹੋਵੇਗਾ।' ਸਾਡੇ ਦੇਸ਼ ਦੇ ਇੱਕ ਸਾਬਕਾ ਵਿਦੇਸ਼ ਮੰਤਰੀ ਸਲਮਾਨ ਖੁਰਸ਼ੀਦ ਨੇ ਪ੍ਰਧਾਨ ਮੰਤਰੀ ਵੱਲੋਂ ਬਲੋਚਿਸਤਾਨ ਦਾ ਜ਼ਿਕਰ ਕਰਨ ਨੂੰ ਠੀਕ ਨਹੀਂ ਸੀ ਸਮਝਿਆ। ਇਸ ਤੋਂ ਪਾਕਿਸਤਾਨੀ ਪੱਤਰਕਾਰ ਨੂੰ ਇੱਕ ਗੱਲ ਤਾਂ ਸਮਝ ਆ ਗਈ ਹੋਵੇਗੀ ਕਿ ਲੋਕਤੰਤਰ ਵਿੱਚ ਹਰੇਕ ਵਿਚਾਰਧਾਰਾ ਨੂੰ ਪੂਰਾ ਸਨਮਾਨ ਮਿਲਦਾ ਹੈ।

ਪਾਕਿਸਤਾਨ ਦੀ ਹਾਲਤ ਦੇਖੋ ਕਿ ਭਾਰਤ ਦੇ ਅੰਦਰੂਨੀ ਮਾਮਲਿਆਂ ਵਿੱਚ ਲੱਤ ਅੜਾਉਣ ਲੱਗਾ ਹੋਇਆ ਹੈ। ਹਰੇਕ ਦਹਿਸ਼ਤਗਰਦ ਪਾਕਿਸਤਾਨ ਦਾ ਹੀਰੋ ਹੈ। ਇਸ ਦਾ ਸਬੂਤ ਕੁਝ ਦਿਨ ਪਹਿਲਾਂ ਨੈਸ਼ਨਲ ਅਸੈਂਬਲੀ ਵਿੱਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦਾ ਦਿੱਤਾ ਇਹ ਬਿਆਨ ਹੈ, ਜਿਸ ਵਿੱਚ ਓਸਾਮਾ ਬਿਨ ਲਾਦੇਨ ਨੂੰ ਸ਼ਹੀਦ ਕਹਿ ਰਹੇ ਸਨ। ਇਸ ਤੋਂ ਇੱਕ ਗੱਲ ਜੱਗ ਜ਼ਾਹਰ ਹੋ ਗਈ ਕਿ ਦਹਿਸ਼ਤਗਰਦ ਪਾਕਿਸਤਾਨੀ ਸਰਕਾਰ ਦੀ ਪੈਦਾਵਾਰ ਹਨ। ਸੰਨ 2006 ਵਿੱਚ ਬਲੋਚਿਸਤਾਨ ਦੇ ਰਹਿਨੁਮਾ ਨਵਾਬ ਅਕਬਰ ਬੁਗਤੀ, ਜਿਹੜਾ ਬਲੋਚਿਸਤਾਨ ਦੀ ਆਜ਼ਾਦੀ ਲਈ ਸਤਿਆਗ੍ਰਹਿ ਕਰ ਰਿਹਾ ਸੀ, ਨੂੰ ਪਾਕਿਸਤਾਨੀ ਫੌਜ ਨੇ ਇੱਕ ਘਰ ਵੜ ਕੇ ਗੋਲੀ ਮਾਰ ਦਿੱਤੀ। ਭਾਰਤ ਨੇ ਇੱਕ ਆਹ ਜ਼ਰੂਰ ਭਰੀ, ਪਰ ਉਸ ਨੂੰ ਭਾਰਤ ਦਾ ਹੀਰੋ ਨਹੀਂ ਬਣਾਇਆ। ਇੱਕ ਅਨੁਮਾਨ ਮੁਤਾਬਕ ਬਾਰ੍ਹਾਂ ਤੋਂ ਪੰਦਰਾਂ ਹਜ਼ਾਰ ਬਲੋਚ ਨੌਜਵਾਨਾਂ ਨੂੰ ਘਰਾਂ ਤੋਂ ਪੁਲਸ ਚੁੱਕ ਕੇ ਲੈ ਗਈ, ਉਨ੍ਹਾਂ ਦਾ ਅੱਜ ਤੱਕ ਕੋਈ ਅਤਾ-ਪਤਾ ਨਹੀਂ ਲੱਗਾ। ਇੱਕ ਖਬਰ ਅਨੁਸਾਰ ਇਹ ਸਾਰੇ ਨੌਜਵਾਨ ਜਿੰਦਾ ਦਫਨਾ ਦਿੱਤੇ ਗਏ।

ਸੰਨ 1947 ਵਿੱਚ ਜਦੋਂ ਦੇਸ਼ ਦੀ ਵੰਡ ਹੋ ਰਹੀ ਸੀ, ਉਦੋਂ ਅੰਗਰੇਜ਼ ਹਾਕਮਾਂ ਨੇ ਪਾਕਿਸਤਾਨ ਦਾ ਜਿਹੜਾ ਨਕਸ਼ਾ ਉਲੀਕਿਆ ਸੀ, ਉਸ ਵਿੱਚ ਪੰਜਾਬ, ਸਿੰਧ ਅਤੇ ਫਰੰਟੀਅਰ ਨੂੰ ਸ਼ਾਮਲ ਕੀਤਾ ਗਿਆ ਸੀ। ਬਲੋਚਿਸਤਾਨ ਨੇ ਪਾਕਿਸਤਾਨ ਵਿੱਚ ਸ਼ਾਮਲ ਹੋਣ ਤੋਂ ਨਾਂਹ ਕਰ ਦਿੱਤੀ ਸੀ। ਸੰਨ 1948 ਵਿੱਚ ਪਾਕਿਸਤਾਨ ਦੀ ਫੌਜ ਨੇ ਬਲੋਚਿਸਤਾਨ 'ਤੇ ਹਮਲਾ ਕਰ ਦਿੱਤਾ ਤੇ ਉਸ ਨੂੰ ਜਬਰੀ ਪਾਕਿਸਤਾਨ ਵਿੱਚ ਮਿਲਾ ਲਿਆ। ਠੀਕ ਉਸੇ ਤਰ੍ਹਾਂ ਜਿਸ ਤਰ੍ਹਾਂ ਕਸ਼ਮੀਰ ਨੂੰ ਆਪਣੇ ਨਕਸ਼ੇ ਵਿੱਚ ਲਿਆਉਣ ਲਈ ਕਸ਼ਮੀਰ 'ਤੇ ਹਮਲੇ ਕਰ ਰਿਹਾ ਹੈ। ਸਾਬਕਾ ਤਾਨਾਸ਼ਾਹ ਪਰਵੇਜ਼ ਮੁਸ਼ੱਰਫ ਨੇ ਇਹ ਗੱਲ ਕਬੂਲ ਕੀਤੀ ਸੀ ਕਿ ਹਰੇਕ ਅੱਤਵਾਦੀ ਪਾਕਿਸਤਾਨ ਦਾ ਹੀਰੋ ਹੈ। ਬਲੋਚਿਸਤਾਨ ਦੀ ਬਦਹਾਲੀ ਬਾਰੇ ਕੋਈ ਵੀ ਬੋਲਣ ਨੂੰ ਰਾਜ਼ੀ ਨਹੀਂ ਸੀ। ਵਿਦੇਸ਼ਾਂ ਵਿੱਚ ਵਸਦੇ ਬਲੋਚ ਇਸ ਗੱਲੋਂ ਨਾਰਾਜ਼ ਸਨ ਕਿ ਭਾਰਤ ਵਰਗਾ ਵੱਡਾ ਦੇਸ਼ ਜੋ ਬਲੋਚਿਸਤਾਨ ਦੇ ਹਾਲਾਤ ਤੋਂ ਪੂਰੀ ਤਰ੍ਹਾਂ ਜਾਣੂ ਹੈ, ਖਾਮੋਸ਼ ਬੈਠਾ ਹੈ। ਭਾਰਤ ਸਾਰੇ ਸੰਸਾਰ ਨੂੰ ਇੱਕ ਪਰਵਾਰ ਮੰਨਦਾ ਹੈ। ਸੰਸਾਰ ਦੇ ਇੱਕ ਅੰਗ ਦੇ ਦਰਦ ਨੂੰ ਜ਼ੁਬਾਨ 'ਤੇ ਕਿਉਂ ਨਹੀਂ ਲਿਆਉਂਦਾ? ਉਹ ਨਵਾਬ ਅਕਬਰ ਬੁਗਤੀ ਦੀ ਸ਼ਹਾਦਤ ਉੱਤੇ ਵੀ ਸਿਰਫ ਆਹ ਭਰ ਕੇ ਰਹਿ ਗਿਆ। ਬਲੋਚਿਸਤਾਨ ਦੀਆਂ ਸਮੱਸਿਆਵਾਂ ਉਹੀ ਹਨ, ਜੋ 1947 ਵਿੱਚ ਸਨ। ਉਸ ਦਾ ਇਤਿਹਾਸ ਪਾਕਿਸਤਾਨੀ ਹਾਕਮ ਵੀ ਜਾਣਦੇ ਹੋਣਗੇ। ਬਲੋਚ ਲੋਕ ਸੀਰੀਆ ਤੋਂ ਪਲਾਇਨ ਕਰ ਕੇ ਨੌਵੀਂ ਸਦੀ ਵਿੱਚ ਰੇਗਿਸਤਾਨ ਦੇ ਇਸ ਖੇਤਰ ਵਿੱਚ ਆਏ ਸਨ। ਉਹ ਪਹਿਲਾਂ-ਪਹਿਲ ਕਬੀਲਿਆਂ ਵਿੱਚ ਵੰਡੇ ਹੋਏ ਸਨ। ਫਿਰ ਚਾਰ ਰਿਆਸਤਾਂ ਬਣ ਗਈਆਂ।

ਬਲੋਚਿਸਤਾਨ ਦਾ ਇਹ ਖੇਤਰ ਸਿੰਧ, ਪੰਜਾਬ, ਈਰਾਨ, ਅਫਗਾਨਿਸਤਾਨ ਤੇ ਅਰਬ ਮਹਾਸਾਗਰ ਨਾਲ ਲੱਗਦਾ ਹੈ। ਸੰਨ 1948 ਵਿੱਚ ਜਦੋਂ ਪਾਕਿਸਤਾਨ ਨੇ ਇਸ ਖੇਤਰ 'ਤੇ ਕਬਜ਼ਾ ਕਰ ਲਿਆ ਤਾਂ ਮੰਨਿਆ ਸੀ ਕਿ ਕਰੰਸੀ, ਵਿਦੇਸ਼ ਨੀਤੀ, ਸੁਰੱਖਿਆ, ਸੈਨਾ ਆਪਣੇ ਹੱਥ ਰੱਖੇਗਾ, ਪਰ 1952 ਵਿੱਚ ਪਾਕਿਸਤਾਨੀ ਫੌਜ ਨੇ ਸਾਰੇ ਸਮਝੌਤੇ ਤੋੜ ਕੇ ਬਲੋਚਿਸਤਾਨ ਨੂੰ ਆਪਣਾ ਸੂਬਾ ਬਣਾ ਲਿਆ। ਇਥੋਂ ਬਲੋਚਿਸਤਾਨ ਵਿੱਚ ਹਫੜਾ-ਦਫੜੀ ਵਾਲਾ ਮਾਹੌਲ ਬਣ ਗਿਆ। ਬਲੋਚ ਲੋਕ ਸ਼ੀਆ ਵੀ ਹਨ ਅਤੇ ਸੁੰਨੀ ਵੀ। ਸੰਸਾਰ ਵਿੱਚ ਡੇਢ ਕਰੋੜ ਦੇ ਲਗਭਗ ਇਨ੍ਹਾਂ ਦੀ ਗਿਣਤੀ ਮੰਨੀ ਜਾਂਦੀ ਹੈ। ਕੁਦਰਤੀ ਸਾਧਨਾਂ ਪੱਖੋਂ ਅਮੀਰ ਇਹ ਪ੍ਰਾਂਤ ਗਰੀਬੀ ਦਾ ਸ਼ਿਕਾਰ ਹੈ। ਪਿੰਡਾਂ ਵਿੱਚ ਸੜਕ ਨਾਂਅ ਦੀ ਕੋਈ ਚੀਜ਼ ਨਹੀਂ ਹੈ। ਬਲੋਚਾਂ ਦਾ ਸਭਿਆਚਾਰ ਵੱਖਰਾ ਹੈ। ਰਹਿਣ-ਸਹਿਣ ਅਤੇ ਰੀਤਾਂ-ਰਿਵਾਜਾਂ ਅਲੱਗ ਹਨ। ਉਹ ਆਪਣੇ-ਆਪ ਨੂੰ ਮੁਸਲਿਮ ਸਮਾਜ ਤੋਂ ਵੱਖਰਾ ਮੰਨਦੇ ਹਨ। ਉਹ ਆਪਣੇ ਫੈਸਲੇ ਖੁਦ ਕਰਦੇ ਹਨ। ਉਨ੍ਹਾਂ ਨੂੰ ਪਾਕਿਸਤਾਨੀ ਲੋਕਾਂ ਤੋਂ ਸਖਤ ਨਫਰਤ ਹੈ। ਉਹ ਹਰ ਹਾਲਤ ਵਿੱਚ ਪਾਕਿਸਤਾਨ ਤੋਂ ਵੱਖ ਹੋਣਾ ਚਾਹੁੰਦੇ ਹਨ। ਦੂਜੇ ਪਾਸੇ ਜੋ ਹਾਲ ਪਾਕਿਸਤਾਨ ਦੀਆਂ ਨਿਰਦਈ ਸਰਕਾਰਾਂ ਨੇ ਜੰਗੇ-ਆਜ਼ਾਦੀ ਦੇ ਮੁਜਾਹਿਦ ਅਬਦੁਲ ਗੱਫਾਰ ਖਾਨ ਦਾ ਕੀਤਾ, ਉਹੀ ਨਵਾਬ ਬੁਗਤੀ ਦਾ ਕੀਤਾ। ਭਾਰਤ ਦੇ ਪ੍ਰਧਾਨ ਮੰਤਰੀ ਨੇ ਬਲੋਚਾਂ ਦੇ ਦਰਦਾਂ ਨੂੰ ਬਿਆਨ ਦੇ ਕੇ ਦੁਨੀਆ ਭਰ ਦਾ ਧਿਆਨ ਬੇਦਰਦ, ਬੇਰਹਿਮ ਪਾਕਿਸਤਾਨੀ ਫੌਜ ਵੱਲੋਂ ਬਲੋਚਿਸਤਾਨੀ ਲੋਕਾਂ 'ਤੇ ਕੀਤੇ ਜਾ ਰਹੇ ਜ਼ੁਲਮੋ-ਸਿਤਮ ਵੱਲ ਦਿਵਾਇਆ ਹੈ। ਗੱਲ ਨਿਕਲੀ ਹੈ ਤਾਂ ਦੂਰ ਤੱਕ ਜਾਵੇਗੀ।


# ਜ਼ਰੂਰ ਜਾਣੋ; ਗਿਆਨ ਗੰਗਾ

## ।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ

ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

**647-739-4641**
**346-714-0224**

## ਵੱਖਵਾਦੀ ਆਗੂ ਸਈਦ ਅਲੀ ਸ਼ਾਹ ਗਿਲਾਨੀ ਦਾ ਹੁਰੀਅਤ ਕਾਨਫਰੰਸ ਤੋਂ ਅਸਤੀਫਾ

ਸ੍ਰੀਨਗਰ, 30 ਜੂਨ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੇ ਪ੍ਰਮੁੱਖ ਵੱਖਵਾਦੀ ਨੇਤਾ ਸਈਦ ਅਲੀ ਸ਼ਾਹ ਗਿਲਾਨੀ ਨੇ ਕੱਲ੍ਹ ਹੁਰੀਅਤ ਕਾਨਫਰੰਸ ਤੋਂ ਅਸਤੀਫੇ ਦੇ ਦਿੱਤਾ ਹੈ। ਇਸ ਦਾ ਐਲਾਨ ਉਨ੍ਹਾਂ ਨੇ ਆਡੀਓ ਸੰਦੇਸ਼ 'ਚ ਕੀਤਾ ਹੈ।

ਸਈਦ ਅਲੀ ਸ਼ਾਹ ਗਿਲਾਨੀ ਨੇ ਕਿਹਾ ਕਿ ਉਨ੍ਹਾਂ ਨੇ ਹੁਰੀਅਤ ਤੋਂ ਲਾਂਭੇ ਨੂੰ ਦੂਰ ਕਰ ਲਿਆ ਹੈ। ਗਿਲਾਨੀ ਨੇ ਕਿਹਾ ਕਿ ਮੌਜੂਦਾ ਸਥਿਤੀ ਨੂੰ ਦੇਖਦੇ ਹੋਏ ਮੈਂ ਆਲ ਪਾਰਟੀਜ਼ ਹੁਰੀਅਤ ਕਾਨਫਰੰਸ ਤੋਂ ਅਸਤੀਫਾ ਦਿੱਤਾ ਹੈ। ਉਨ੍ਹਾਂ ਹੁਰੀਅਤ ਦੇ ਸਾਰੇ ਲੋਕਾਂ ਨੂੰ ਫੈਸਲੇ ਬਾਰੇ ਦੱਸ ਦਿੱਤਾ ਹੈ। ਨੱਬੇ ਸਾਲਾ ਸਈਦ ਅਲੀ ਸ਼ਾਹ ਗਿਲਾਨੀ ਕਈ ਸਾਲਾਂ ਤੋਂ ਘਰ ਹੀ ਨਜ਼ਰਬੰਦ ਹਨ ਅਤੇ ਪਿਛਲੇ ਕੁਝ ਮਹੀਨਿਆਂ ਤੋਂ ਉਨ੍ਹਾਂ ਦੀ ਸਿਹਤ ਠੀਕ ਨਹੀਂ ਹੈ। ਵਰਨਣ ਯੋਗ ਹੈ ਕਿ ਨੌਂ ਮਾਰਚ 1993 ਨੂੰ 26 ਵੱਖਵਾਦੀ ਸੰਗਠਨਾਂ ਨੇ ਮਿਲ ਕੇ ਹੁਰੀਅਤ ਕਾਨਫਰੰਸ ਬਣਾਈ ਸੀ ਅਤੇ ਇਸ ਦੇ ਪਹਿਲੇ ਚੇਅਰਮੈਨ ਮੀਰਵਾਇਜ਼ ਮੌਲਵੀ ਉਮਰ ਫਾਰੂਕ ਬਣੇ ਸਨ। ਹੁਰੀਅਤ ਕਾਨਫਰੰਸ ਵਿੱਚ ਛੇ ਮੈਂਬਰੀ ਕਾਰਜਕਾਰੀ ਕਮੇਟੀ ਬਣਾਈ ਗਈ ਸੀ। ਇਸ ਕਮੇਟੀ ਦਾ ਫੈਸਲਾ ਅੰਤਿਮ ਮੰਨਿਆ ਜਾਂਦਾ ਰਿਹਾ ਹੈ। ਕੱਟੜਪੰਥੀ ਸਈਦ ਅਲੀ ਸ਼ਾਹ ਗਿਲਾਨੀ ਨੇ ਮਤਭੇਦਾਂ ਕਾਰਨ ਸੱਤ ਅਗਸਤ 2004 ਨੂੰ ਆਪਣੇ ਸਮਰਥਕਾਂ ਨਾਲ ਹੁਰੀਅਤ ਦਾ ਨਵਾਂ ਧੜਾ ਬਣਾ ਲਿਆ ਸੀ। ਇਸ ਨਾਲ ਹੁਰੀਅਤ ਦੋ ਧਿਰਾਂ 'ਚ ਵੰਡੀ ਗਈ। ਗਿਲਾਨੀ ਦੀ ਅਗਵਾਈ ਵਾਲੀ ਹੁਰੀਅਤ ਨੂੰ ਕੱਟੜਪੰਥੀ ਧਿਰ ਅਤੇ ਮੀਰਵਾਇਜ਼ ਮੌਲਵੀ ਉਮਰ ਫਾਰੂਖ ਦੀ ਅਗਵਾਈ ਵਾਲੀ ਧਿਰ ਨੂੰ ਉਦਾਰਵਾਦੀ ਕਿਹਾ ਜਾਂਦਾ ਰਿਹਾ ਹੈ।

# ਬੁੱਢੀ ਗੰਗਾ ਨਦੀ ਵਿੱਚ ਕਿਸ਼ਤੀ ਡੁੱਬਣ ਕਾਰਨ 32 ਮੌਤਾਂ




ਢਾਕਾ, 30 ਜੂਨ (ਪੋਸਟ ਬਿਊਰੋ)- ਬੰਗਲਾ ਦੇਸ਼ ਦੀ ਰਾਜਧਾਨੀ ਢਾਕਾ ਦੇ ਨੇੜੇ ਬੁੱਢੀ ਗੰਗਾ ਨਦੀ ਵਿੱਚ ਕਿਸ਼ਤੀ ਡੁੱਬਣ ਕਾਰਨ 32 ਲੋਕਾਂ ਦੀ ਮੌਤ ਹੋ ਗਈ। ਕਿਸ਼ਤੀ ਵਿੱਚ 100 ਤੋਂ ਵੱਧ ਲੋਕ ਸਵਾਰ ਸਨ। 32 ਲਾਸ਼ਾਂ ਕੱਢੀਆਂ ਜਾ ਚੁੱਕੀਆਂ ਹਨ। ਕੁਝ ਲੋਕਾਂ ਨੇ ਤੈਰ ਕੇ ਜਾਨ ਬਚਾਈ ਤਾਂ ਕੁਝ ਨੂੰ ਕੱਢਿਆ ਗਿਆ। ਪ੍ਰਸ਼ਾਸਨ ਦਾ ਕਹਿਣਾ ਹੈ ਕਿ ਹਾਦਸਾ ਇੱਕ ਹੋਰ ਕਿਸ਼ਤੀ ਨਾਲ ਟਕਰਾਉਣ ਕਾਰਨ ਹੋਇਆ। ਢਾਕਾ ਦੇ ਨੇੜੇ ਸ਼ਾਮ ਬਾਜ਼ਾਰ ਵਿੱਚ ਕੱਲ੍ਹ ਸਵੇਰੇ ਹਾਦਸਾ ਹੋਇਆ। ਕਿਸ਼ਤੀ ਮੁਨਸ਼ੀਗੰਜ ਤੋਂ ਢਾਕਾ ਜਾ ਰਹੀ ਸੀ। ਸਦਰਘਾਟ ਟਰਮੀਨਲ ਦੇ ਨੇੜੇ ਇਸ ਦੀ ਦੂਸਰੀ ਕਿਸ਼ਤੀ ਨਾਲ ਟੱਕਰ ਹੋ ਗਈ। ਕੁਝ ਲੋਕਾਂ ਨੇ ਤੈਰ ਕੇ ਜਾਨ ਬਚਾਈ ਤਾਂ ਕੁਝ ਨੂੰ ਬਚਾਇਆ ਗਿਆ। ਅਜੇ ਤੱਕ 22 ਮਰਦਾਂ, ਸੱਤ ਔਰਤਾਂ ਅਤੇ ਤਿੰਨ ਬੱਚਿਆਂ ਦੀਆਂ ਲਾਸ਼ਾਂ ਕੱਢੀਆਂ ਗਈਆਂ ਹਨ। ਅਜੇ ਕਿੰਨੇ ਲੋਕ ਲਾਪਤਾ ਹਨ, ਇਸ ਦਾ ਪਤਾ ਨਹੀਂ ਲੱਗਾ। ਨੇਵੀ, ਕੋਸਟ ਗਾਰਡ ਅਤੇ ਫਾਇਰ ਸਰਵਿਸ ਟੀਮਾਂ ਰਾਹਤ ਕੰਮ ਵਿੱਚ ਲੱਗੀਆਂ ਹਨ।

# ਬਾਬਾ ਰਾਮਦੇਵ ਸਮੇਤ ਪੰਜਾਂ ਜਣਿਆਂ ਉੱਤੇ ਜੈਪੁਰ ਵਿੱਚ ਵੀ ਕੇਸ ਦਰਜ

ਜੈਪੁਰ, 30 ਜੂਨ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਦਵਾ 'ਕੋਰੋਨਿਲ' ਨੂੰ ਲਾਂਚ ਕਰ ਕੇ ਫਸੇ ਯੋਗੀ ਰਾਮਦੇਵ ਦੀਆਂ ਮੁਸੀਬਤਾਂ ਇੱਕ ਦੇ ਬਾਅਦ ਇੱਕ ਵਧੀ ਜਾ ਰਹੀਆਂ ਹਨ। ਜੈਪੁਰ ਵਿੱਚ ਇਸ ਦਵਾ ਬਾਰੇ ਇੱਕ ਹੋਰ ਕੇਸ ਬਾਬਾ ਰਾਮਦੇਵ ਸਮੇਤ ਪੰਜ ਜਣਿਆਂ 'ਤੇ ਦਰਜ ਕੀਤਾ ਗਿਆ ਹੈ।

ਤਾਜ਼ਾ ਕੇਸ ਜੈਪੁਰ ਦੇ ਜੋਤੀਨਗਰ ਥਾਣੇ ਵਿੱਚ ਵਕੀਲ ਬਲਰਾਮ ਜਾਖੜ ਵੱਲੋਂ ਬਾਬਾ ਰਾਮਦੇਵ, ਉਸ ਦੇ ਖਾਸ ਚੇਲੇ ਆਚਾਰੀਆ ਬਾਲਕ੍ਰਿਸ਼ਨ, ਨੈਸ਼ਨਲ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ ਜੈਪੁਰ ਦੇ ਡਾਇਰੈਕਟਰ ਬੀ ਐੱਸ ਤੋਮਰ, ਉਨ੍ਹਾਂ ਦੇ ਪੁੱਤਰ ਅਨੁਰਾਗ ਸਿੰਘ ਤੋਮਰ ਤੇ ਸੀਨੀਅਰ ਵਿਗਿਆਨੀ ਅਨੁਰਾਗ ਵਾਸ਼ਣੇਅ ਦੇ ਖਿਲਾਫ ਦਿੱਤੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਹੈ। ਇਸ ਮਾਮਲੇ ਵਿੱਚ ਜਾਖੜ ਨੇ ਕੋਰੋਨਾ ਮਹਾਮਾਰੀ ਵਿੱਚ ਲੋਕਾਂ ਨਾਲ ਧੋਖਾ ਕਰਨ ਤੇ ਫਰਜ਼ੀ ਦਵਾ ਲਾਂਚ ਕਰਨ ਦੇ ਦੋਸ਼ ਲਾਏ ਹਨ। ਪੁਲਸ ਸੁਪਰਡੈਂਟ ਅਸ਼ੋਕ ਗੁਪਤਾ ਇਤਰਾਜ਼ ਯੋਗ ਇਸ਼ਤਿਹਾਰ



ਐਕਟ 1954 ਦੇ ਹੇਠ ਭਾਰਤੀ ਦੰਡਾਵਲੀ ਦੀ ਧਾਰਾ 420, 4 ਅਤੇ 7 ਦੇ ਤਹਿਤ ਕੇਸ ਦਰਜ ਕੀਤਾ ਗਿਆ ਹੈ।

ਵਰਣਨ ਯੋਗ ਹੈ ਕਿ ਰਾਜਸਥਾਨ ਦੀ ਕਾਂਗਰਸ ਸਰਕਾਰ ਪਹਿਲਾਂ ਹੀ ਦਵਾ ਦੀ ਵਰਤੋਂ ਅਤੇ ਪ੍ਰਚਾਰ ਉਤੇ ਰੋਕ ਲਾ ਕੇ ਕਾਨੂੰਨੀ ਕਾਰਵਾਈ ਦੀ ਗੱਲ ਕਹਿ ਚੁੱਕੀ ਹੈ। ਕੇਂਦਰੀ ਆਯੁਸ਼ ਮੰਤਰਾਲੇ ਵੱਲੋਂ ਇਸ ਦਵਾ ਦੇ ਪ੍ਰਚਾਰ ਅਤੇ ਵਿਕਰੀ 'ਤੇ ਪਹਿਲਾਂ ਹੀ ਰੋਕ ਲਾਈ ਜਾ ਚੁੱਕੀ ਹੈ। ਰਾਜਸਥਾਨ ਦੇ ਮੈਡੀਕਲ ਵਿਭਾਗ ਨੇ ਕੋਰੋਨਾ ਵਾਇਰਸ ਦੇ ਇਲਾਜ ਲਈ ਪਤੰਜਲੀ ਆਯੁਰਵੇਦ ਵੱਲੋਂ ਬਣਾਈ ਦਵਾ ਦੇ ਕਲੀਨੀਕਲ ਟਰਾਇਲ ਕਰਨ ਬਾਰੇ ਸ਼ੁੱਕਰਵਾਰ ਨੂੰ ਨਿਮਸ ਹਸਪਤਾਲ ਨੂੰ ਨੋਟਿਸ ਜਾਰੀ ਕਰ ਕੇ ਸਪੱਸ਼ਟੀਕਰਨ ਮੰਗਿਆ ਸੀ ਅਤੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

ਚੰਡੀਗੜ੍ਹ ਜ਼ਿਲਾ ਅਦਾਲਤ ਨੇ ਬਾਬਾ ਰਾਮਦੇਵ ਦੇ ਖਿਲਾਫ ਪੇਸ਼ ਹੋਈ ਪਟੀਸ਼ਨ ਨੂੰ ਸਵੀਕਾਰ ਕਰ ਕੇ ਸ਼ਿਕਾਇਤ ਕਰਤਾ ਅਤੇ ਗਵਾਹਾਂ ਦੇ ਬਿਆਨ ਦਰਜ ਕਰਨ ਦਾ ਹੁਕਮ ਦਿੱਤਾ ਹੈ। ਕੇਸ ਦੀ ਅਗਲੀ ਸੁਣਵਾਈ 27 ਜੁਲਾਈ ਨੂੰ ਹੋਵੇਗੀ। ਵਕੀਲ ਬਿਕਰਮਜੀਤ ਸਿੰਘ ਬਰਾੜ ਨੇ ਬਾਬਾ ਰਾਮਦੇਵ ਅਤੇ ਪਤੰਜਲੀ ਕੰਪਨੀ ਦੇ ਖਿਲਾਫ ਜ਼ਿਲਾ ਅਦਾਲਤ ਵਿੱਚ ਅਰਜ਼ੀ ਦਾਇਰ ਕੀਤੀ ਹੈ। ਇਸ ਦੇ ਨਾਲ ਬਿਕਰਮਜੀਤ ਸਿੰਘ ਨੇ ਦੱਸਿਆ ਕਿ ਜਦ ਤੋਂ ਉਨ੍ਹਾਂ ਨੇ ਬਾਬਾ ਰਾਮਦੇਵ ਖਿਲਾਫ ਅਰਜ਼ੀ ਕੀਤੀ ਹੈ, ਤਦ ਤੋਂ ਉਨ੍ਹਾਂ ਨੂੰ ਸੋਸ਼ਲ ਸਾਈਟਸ 'ਤੇ ਧਮਕੀਆਂ ਮਿਲ ਰਹੀਆਂ ਹਨ।

## ਸੈਲੂਨ ਮਾਲਕ ਨੇ ਤਿੰਨ ਮਹੀਨੇ ਪਿੱਛੋਂ ਪਹਿਲੇ ਗ੍ਰਾਹਕ ਦੇ ਵਾਲ ਸੋਨੇ ਦੀ ਕੈਂਚੀ ਨਾਲ ਕੱਟੇ

ਪੁਣੇ, 30 ਜੂਨ (ਪੋਸਟ ਬਿਊਰੋ)- ਮਹਾਰਾਸ਼ਟਰ ਸਰਕਾਰ ਦੀ ਮਨਜ਼ੂਰੀ ਪਿੱਛੋਂ ਐਤਵਾਰ ਨੂੰ 97 ਦਿਨ ਬਾਅਦ ਸੂਬੇ ਵਿੱਚ ਸੈਲੂਨ ਅਤੇ ਬਿਊਟੀ ਪਾਰਲਰ ਖੁੱਲ੍ਹਣ ਲੱਗੇ ਤਾਂ ਇਸ ਦਾ ਜਸ਼ਨ ਮਨਾਉਣ ਦੇ ਲਈ ਕੋਲ੍ਹਾਪੁਰ ਦੇ 52 ਸਾਲਾ ਸੈਲੂਨ ਮਾਲਕ ਨੇ ਤਿੰਨ ਮਹੀਨੇ ਬਾਅਦ ਪਹੁੰਚੇ ਪਹਿਲੇ ਗ੍ਰਾਹਕ ਦੇ ਵਾਲ 10 ਤੋਲੇ ਦੀ ਸੋਨੇ ਦੀ ਕੈਂਚੀ ਨਾਲ ਕੱਟੇ।

ਅਸਲ ਵਿੱਚ ਮਿਸ਼ਨ ਬਿਗਿਨ ਅਗੇਨ ਹੇਠ ਮਹਾਰਸ਼ਟਰ ਦੀ ਊਧਮ ਠਾਕਰੇ ਸਰਕਾਰ ਨੇ ਨਾਈਆਂ ਦੀਆਂ ਦੁਕਾਨਾਂ, ਸੈਲੂਨ ਤੇ ਬਿਊਟੀ ਪਾਰਲਰਾਂ ਨੂੰ 28 ਜੂਨ ਤੋਂ ਖੋਲ੍ਹਣ ਦੀ ਇਜਾਜ਼ਤ ਦਿੱਤੀ ਸੀ। 24 ਮਾਰਚ ਤੋਂ ਲਾਏ ਗਏ ਲਾਕਡਾਊਨ ਦੇ ਬਾਅਦ ਸਰਕਾਰ ਦੇ ਇਸ ਫੈਸਲੇ ਨਾਲ ਇਨ੍ਹਾਂ ਦੁਕਾਨਦਾਰਾਂ ਨੂੰ ਵੱਡੀ ਰਾਹਤ ਮਿਲੀ ਹੈ। ਅਜਿਹੇ ਵਿੱਚ ਕੋਲ੍ਹਾਪੁਰ ਦੇ ਸੈਲੂਨ ਮਾਲਕ ਰਾਮਭਾਈ ਸੰਕਪਾਲ ਨੇ ਆਪਣੀ ਖੁਸ਼ੀ ਜ਼ਾਹਰ ਕੀਤੀ ਅਤੇ ਆਪਣੇ ਪਹਿਲੇ ਗਾਹਕ ਦੇ ਵਾਲ ਸੋਨੇ ਦੀ ਕੈਂਚੀ ਨਾਲ ਕੱਟੇ। ਉਹ ਦੱਸਦੇ ਹਨ ਕਿ ਲਾਕਡਾਊਨ ਕਾਰਨ ਤਿੰਨ ਮਹੀਨੇ ਵਿੱਚ ਸੈਲੂਨ ਕਾਰੋਬਾਰੀ ਬੁਰੀ ਤਰ੍ਹਾਂ ਨਾਲ ਪ੍ਰਭਾਵਤ ਹੋਇਆ ਹੈ। ਅਜਿਹੀਆਂ ਕਈ ਘਟਨਾਵਾਂ ਵੀ ਹਨ ਕਿ ਨਾਈ ਤੇ ਕੁਝ ਦੁਕਾਨ ਮਾਲਕਾਂ ਨੇ ਖੁਦਕੁਸ਼ੀ ਕਰ ਲਈ, ਕਿਉਂਕਿ ਉਹ ਵਿੱਤੀ ਸੰਕਟ ਤੋਂ ਨਹੀਂ ਨਿਕਲ ਸਕੇ। ਸਰਕਾਰ ਨੇ ਸੈਲੂਨ ਫਿਰ ਤੋਂ ਖੋਲ੍ਹਣ ਦੀ ਇਜਾਜ਼ਤ ਦਿੱਤੀ ਹੈ। ਮੇਰੇ ਸਾਥੀ ਸੈਲੂਨ ਮਾਲਕਾਂ ਦੇ ਚਿਹਰੇ 'ਤੇ ਖੁਸ਼ੀ ਹੈ। ਇਸ ਲਈ ਮੈਂ ਆਪਣੀ ਖੁਸ਼ੀ ਜ਼ਾਹਰ ਕਰਨ ਦੇ ਲਈ ਇਸ ਨੂੰ ਅਨੋਖੇ ਤਰੀਕੇ ਨਾਲ ਸੈਲੀਬ੍ਰੇਟ ਕੀਤਾ।

## ਕਦੀ ਆਪਣੇ ਲਈ ਪੀ ਪੀ ਈ ਕਿੱਟ ਨਹੀਂ ਸੀ, ਅੱਗੋਂ ਭਾਰਤ 50 ਲੱਖ ਯੂਨਿਟ ਹਰ ਮਹੀਨੇ ਐਕਸਪੋਰਟ ਕਰੇਗਾ

ਨਵੀਂ ਦਿੱਲੀ, 30 ਜੂਨ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦਾ ਕਹਿਰ ਜਦੋਂ ਭਾਰਤ ਵਿੱਚ ਵਧਿਆ ਤਾਂ ਸਰਕਾਰ ਕੋਲ ਲੋੜੀਂਦੀਆਂ ਕਿੱਟਸ ਨਹੀਂ ਸਨ, ਜਿਸ ਨਾਲ ਟੈਸਟਿੰਗ ਕੀਤੀ ਜਾ ਸਕੇ ਅਤੇ ਪੀ ਪੀ ਈ ਕਿੱਟ ਦੀ ਵੀ ਕਮੀ ਸੀ, ਜਿਸ ਰਾਹੀਂ ਮੈਡੀਕਲ ਸੇਵਾ 'ਚ ਲੱਗੇ ਵਰਕਰ ਖੁਦ ਦਾ ਬਚਾਅ ਕਰ ਸਕਣ। ਨਤੀਜਾ ਇਹ ਹੋਇਆ ਕਿ ਬਹੁਤ ਸਾਰੇ ਮੈਡੀਕਲ ਵਰਕਰ ਪੀ ਪੀ ਈ ਕਿੱਟ ਦੀ ਕਮੀ ਕਾਰਨ ਕੋਰੋਨਾ ਦੇ ਸ਼ਿਕਾਰ ਹੋ ਗਏ। ਆਖਿਰ ਸਰਕਾਰ ਨੇ ਇਸ ਦੇ ਲਈ ਸਵੈ ਨਿਰਭਰ ਬਣਨ ਦਾ ਰਸਤਾ ਚੁਣਿਆ। ਪੀ ਐਮ ਮੋਦੀ ਨੇ ਬੇਨਤੀ ਕੀਤੀ ਤਾਂ ਬਹੁਤ ਸਾਰੀਆਂ ਕੰਪਨੀਆਂ ਨੇ ਪੀ ਪੀ ਈ ਕਿੱਟ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਦੇ ਜੋ ਨਤੀਜੇ ਸਾਹਮਣੇ ਆ ਰਹੇ ਹਨ, ਉਹ ਮਾਣ ਕਰਨ ਵਾਲੇ ਹੈ।

ਕਦੀ ਭਾਰਤ ਕੋਲ ਪੀ ਪੀ ਈ ਕਿੱਟ ਦੀ ਕਮੀ ਸੀ ਅਤੇ ਅੱਜ ਭਾਰਤ 'ਚ ਇੰਨੇ ਪੀ ਪੀ ਈ ਕਿੱਟ ਬਣ ਰਹੇ ਹਨ ਕਿ



ਐਕਸਪੋਰਟ ਕਰਨ ਦੇ ਸਮਰੱਥ ਹੋ ਗਿਆ ਹੈ। ਚੀਨ ਤੋਂ ਖ਼ਰਾਬ ਕੁਆਲਿਟੀ ਦੀਆਂ ਪੀ ਪੀ ਈ ਕਿੱਟ ਖਰੀਦਣ ਦੀ ਲੋੜ ਨਹੀਂ ਰਹੀ, ਸਗੋਂ ਭਾਰਤ ਚੰਗੀ ਕੁਆਲਿਟੀ ਦੀ ਪੀ ਪੀ ਈ ਕਿੱਟ ਐਕਸਪੋਰਟ ਕਰ ਰਿਹਾ ਹੈ। ਸਰਕਾਰ ਨੇ ਪੀ ਪੀ ਈ ਕਿੱਟ ਐਕਸਪੋਰਟ ਕਰਨ 'ਤੇ ਹਰ ਮਹੀਨੇ 50 ਲੱਖ ਪੀ ਪੀ ਈ ਕਿੱਟ ਦੀ ਮਨਜ਼ੂਰੀ ਦੇ ਦਿੱਤੀ ਹੈ। ਇਸ ਨੂੰ ਲੈ ਕੇ ਸਰਕਾਰ ਨੇ ਬਕਾਇਦਾ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਰੇਲ ਅਤੇ ਵਣਜ ਮੰਤਰੀ ਪਿਯੂਸ਼ ਗੋਇਲ ਨੇ ਇਸ ਬਾਰੇ ਟਵੀਟ ਕਰਦੇ ਹੋਏ ਸਰਕਾਰ ਦਾ ਨੋਟੀਫਿਕੇਸ਼ਨ ਸ਼ੇਅਰ ਕੀਤਾ ਹੈ। ਉਨ੍ਹਾਂ ਲਿਖਿਆ ਹੈ ਕਿ ਮੇਕ ਇਨ ਇੰਡੀਆ ਹੇਠ ਐਕਸਪੋਰਟ ਨੂੰ ਅੱਗੇ ਵਧਾਉਂਦੇ ਹੋਏ ਕੋਰੋਨਾ ਤੋਂ ਬਚਾਅ ਦੀਆਂ ਪੀ ਪੀ ਈ ਕਿੱਟ ਦੇ 50 ਲੱਖ ਯੂਨਿਟ ਹਰ ਮਹੀਨੇ ਬਰਾਮਦ ਕਰਨ ਦੀ ਮਨਜ਼ੂਰੀ ਦੇ ਦਿੱਤੀ ਗਈ ਹੈ। ਉਹ ਸਪੱਸ਼ਟ ਇਹ ਕਹਿਣਾ ਚਾਹੁੰਦੇ ਹਨ ਕਿ ਸਰਕਾਰ ਨੇ ਮੇਕ ਇਨ ਇੰਡੀਆ ਅਤੇ ਆਤਮ ਨਿਰਭਰ ਬਣਨ ਦਾ ਜੋ ਸੁਪਨਾ ਦੇਖਿਆ ਉਹ ਹੁਣ ਸਾਕਾਰ ਹੋ ਰਿਹਾ ਹੈ।

# ਸੱਤ ਸਾਲ ਤੋਂ ਭਗੌੜਾ ਨਵਾਂ ਸ਼ਹਿਰ ਦਾ ਦੋਸ਼ੀ ਦਿੱਲੀ ਵਾਲੇ ਏਅਰਪੋਰਟ ਤੋਂ ਕਾਬੂ

ਨਵੀਂ ਦਿੱਲੀ, 30 ਜੂਨ (ਪੋਸਟ ਬਿਊਰੋ)- ਸੀ ਬੀ ਆਈ ਨੇ ਜਾਅਲੀ ਨੋਟਾਂ ਦਾ ਧੰਦਾ ਕਰਨ ਵਾਲੇ ਭਗੌੜੇ ਦੋਸ਼ੀ ਨੂੰ ਕਰੀਬ ਸੱਤ ਸਾਲ ਬਾਅਦ ਇੰਦਰਾ ਗਾਂਧੀ ਕੌਮਾਂਤਰੀ (ਆਈ ਜੀ ਆਈ) ਹਵਾਈ ਅੱਡੇ ਤੋਂ ਗ੍ਰਿਫਤਾਰ ਕੀਤਾ ਹੈ।

ਸੀ ਬੀ ਆਈ ਨੇ ਕੱਲ੍ਹ ਇਥੇ ਦੱਸਿਆ ਕਿ ਜਾਂਚ ਏਜੰਸੀ ਨੂੰ ਜਾਣਕਾਰੀ ਮਿਲੀ ਸੀ ਕਿ ਪਿਛਲੇ ਸੱਤ ਸਾਲ ਤੋਂ ਫਰਾਰ ਦੋਸ਼ੀ ਕੁਲਦੀਪ ਸਿੰਘ ਦੂਆ ਨੂੰ ਬੈਂਕਾਕ ਤੋਂ ਨਵੀਂ ਦਿੱਲੀ ਭੇਜਿਆ ਜਾਣਾ ਹੈ। ਸੂਚਨਾ ਮਿਲਦੇ ਸਾਰ ਸੀ ਬੀ ਆਈ ਨੇ ਪੰਜਾਬ ਦੇ ਨਵਾਂ ਸ਼ਹਿਰ ਵਾਸੀ ਕੁਲਦੀਪ ਨੂੰ ਨਵੀਂ ਦਿੱਲੀ ਹਵਾਈ ਅੱਡੇ ਤੋਂ ਗ੍ਰਿਫਤਾਰ ਕਰ ਲਿਆ। ਉਸ ਨੂੰ ਹੇਠਲੀ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੋਂ ਉਸ ਨੂੰ ਨਿਆਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ। ਵਰਨਣ ਯੋਗ ਹੈ ਕਿ ਹਵਾਈ ਅੱਡੇ ਦੇ ਕਸਟਮ ਡਿਊਟੀ ਵਿਭਾਗ ਨੇ ਪੰਜਾਬ ਦੇ ਨਵਾਂ ਸ਼ਹਿਰ ਤੋਂ ਮੁਕਟਪੁਰਾ ਵਾਸੀ ਕੁਲਵੰਤ ਰਾਏ ਤੋਂ 11-12 ਸਤੰਬਰ 2012 ਦੀ ਦਰਮਿਆਨੀ ਰਾਤ ਨੂੰ ਛੇ ਲੱਖ ਇੱਕ ਹਜ਼ਾਰ 500 ਰੁਪਏ ਦੇ ਨਕਲੀ ਨੋਟ ਫੜੇ ਸਨ। ਪੁੱਛਗਿੱਛ ਦੌਰਾਨ ਉਸ ਯਾਤਰੀ ਨੇ ਦੱਸਿਆ ਸੀ ਕਿ ਉਹ ਰਕਮ ਕੁਲਦੀਪ ਸਿੰਘ ਦੂਆ ਨੇ ਉਸ ਨੂੰ ਭਾਰਤ ਲੈ ਜਾਣ ਲਈ ਦਿੱਤੀ ਸੀ। ਸੀ ਬੀ ਆਈ ਨੇ 12 ਸਤੰਬਰ 2012 ਨੂੰ ਦੋਵਾਂ ਦੇ ਖਿਲਾਫ ਕੇਸ ਦਰਜ ਕਰ ਲਿਆ ਸੀ। ਜਾਂਚ ਦੇ ਬਾਅਦ ਦੋਸ਼ੀ ਯਾਤਰੀ ਦੇ ਖਿਲਾਫ ਦੋਸ਼ ਪੱਤਰ ਦਾਇਰ ਕੀਤਾ ਗਿਆ, ਪਰ ਦੂਸਰਾ ਦੋਸ਼ੀ ਸੱਤ ਸਾਲ ਤੋਂ ਫਰਾਰ ਸੀ। ਉਹ ਜਾਂਚ ਲਈ ਹਾਜ਼ਰ ਨਹੀਂ ਹੋਇਆ ਸੀ। ਕੱਲ੍ਹ ਉਹ ਬੈਂਕਾਕ ਤੋਂ ਨਵੀਂ ਦਿੱਲੀ ਆ ਰਿਹਾ ਸੀ ਤਾਂ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ।

# ਆਮ ਆਦਮੀ ਪਾਰਟੀ ਨੇ ਅਕਾਲੀ ਦਲ ਨੂੰ ਮਾਫੀਆ ਦੀ ਏ ਟੀਮ ਅਤੇ ਕਾਂਗਰਸ ਨੂੰ ਬੀ ਟੀਮ ਗਰਦਾਨਿਆ

ਚੰਡੀਗੜ੍ਹ, 30 ਜੂਨ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਨੇ ਕਿਹਾ ਕਿ ਮੋਦੀ ਸਰਕਾਰ ਦੇ ਖੇਤੀ ਵਸਤਾਂ ਬਾਰੇ ਤਿੰਨ ਆਰਡੀਨੈਂਸ ਫਸਲਾਂ ਦੇ ਘੱਟੋ ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਅਤੇ ਪੰਜਾਬ ਦੇ ਮੌਜੂਦਾ ਮੰਡੀ ਢਾਂਚੇ ਨੂੰ ਪੂਰੀ ਤਰ੍ਹਾਂ ਨਾਲ ਖਤਮ ਕਰ ਦੇਣਗੇ। ਪੰਜਾਬ ਦੇ ਕਿਸਾਨਾਂ, ਮਜ਼ਦੂਰਾਂ ਅਤੇ ਆੜ੍ਹਤੀਆਂ ਸਮੇਤ ਖੇਤੀ ਉੱਤੇ ਨਿਰਭਰ ਸਾਰੇ ਵਰਗਾਂ ਨਾਲ ਖੇਡੀ ਜਾ ਰਹੀ ਘਾਤਕ ਖੇਡ ਵਿੱਚ ਅਕਾਲੀ ਦਲ (ਬਾਦਲ), ਭਾਜਪਾ ਤੇ ਕਾਂਗਰਸ ਬਰਾਬਰ ਸ਼ਾਮਲ ਹਨ।

ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ, ਵਿਧਾਇਕ ਅਮਨ ਅਰੋੜਾ ਅਤੇ ਆਮ ਆਦਮੀ ਪਾਰਟੀ ਦੇ ਪੰਜਾਬ ਦੇ ਸੰਗਠਨ ਇੰਚਾਰਜ ਗੈਰੀ ਬੜਿੰਗ ਨੇ ਕਿਹਾ ਕਿ ਬਿਹਾਰ ਵਰਗੇ ਰਾਜਾਂ ਵਿੱਚ ਕੋਈ ਏ ਪੀ ਐੱਮ ਸੀ ਸਿਸਟਮ ਨਹੀਂ




ਹੈ। ਇਨ੍ਹਾਂ ਰਾਜਾਂ ਵਿੱਚ ਕਿਸਾਨਾਂ ਦੀ ਹਾਲਤ ਬਹੁਤ ਬੁਰੀ ਹੈ। ਕਿਸਾਨ ਖੁੱਲ੍ਹੇ ਬਾਜ਼ਾਰਾਂ ਨਾਲੋਂ ਏ ਪੀ ਐੱਮ ਸੀ ਦੇ ਸਿਸਟਮ ਨੂੰ ਪਹਿਲ ਦਿੰਦੇ ਹਨ, ਕਿਉਂਕਿ ਖੁੱਲ੍ਹੇ ਬਾਜ਼ਾਰ ਵਿੱਚ ਉਨ੍ਹਾਂ ਦੀ ਸੌਦੇਬਾਜ਼ੀ ਦੀ ਸ਼ਕਤੀ ਘਟ ਜਾਂਦੀ ਹੈ। ਜਦੋਂ ਕਿਸਾਨ ਆਪਣੀ ਫਸਲ ਨੂੰ ਏ ਪੀ ਐੱਮ ਸੀ ਦੀ ਥਾਂ ਖੁੱਲ੍ਹੇ ਬਾਜ਼ਾਰ ਵਿੱਚ ਵੇਚਦੇ ਹਨ ਤਾਂ ਉਹ ਸਰਕਾਰ ਵੱਲੋਂ ਤੈਅ ਘੱਟੋ-ਘੱਟ ਖਰੀਦ ਕੀਮਤ (ਐੱਮ ਐੱਸ ਪੀ) ਦੀ ਰਕਮ ਨਹੀਂ ਲੈ ਸਕਦੇ। ਉਨ੍ਹਾ ਕਿਹਾ ਕਿ ਸੁਖਬੀਰ ਸਿੰਘ ਬਾਦਲ ਆਮ ਆਦਮੀ ਪਾਰਟੀ ਨੂੰ ਕਾਂਗਰਸ ਦੀ ਬੀ ਟੀਮ ਕਹਿੰਦੇ ਹਨ, ਪ੍ਰੰਤੂ ਸੱਚਾਈ ਇਹ ਹੈ ਕਿ ਅਕਾਲੀ ਦਲ ਮਾਫੀਆ ਦੀ ਏ ਟੀਮ ਅਤੇ ਕਾਂਗਰਸ ਮਾਫੀਆ ਦੀ ਬੀ ਟੀਮ ਬਣੀ ਹੋਈ ਹੈ। ਉਨ੍ਹਾਂ ਕਿਹਾ ਕਿ ਸਾਰਾ ਅਕਾਲੀ ਦਲ ਇਕੱਲੀ ਹਰਸਿਮਰਤ ਕੌਰ ਬਾਦਲ ਦੀ ਕੁਰਸੀ ਬਚਾਉਣ ਲਈ ਪੰਜਾਬ ਦੇ ਹਿੱਤਾਂ ਦੀ ਕੁਰਬਾਨੀ ਦੇ ਰਿਹਾ ਹੈ।

ਅਮਨ ਅਰੋੜਾ ਨੇ ਕਿਹਾ ਕਿ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਸਾਲ 2020-21 ਦਾ ਬਜਟ ਜਦੋਂ ਪਾਰਲੀਮੈਂਟ ਵਿੱਚ ਵਿੱਚ ਪੇਸ਼ ਕੀਤਾ ਤਾਂ ਇਹ ਵਾਅਦਾ ਕੀਤਾ ਸੀ ਕਿ ਕਿਸਾਨਾਂ ਦੀ ਕਮਾਈ 2022 ਤੱਕ ਦੁੱਗਣਾ ਕਰਨ ਦਾ ਟੀਚਾ ਰੱਖਿਆ ਗਿਆ ਹੈ, 6.11 ਕਰੋੜ ਦਾ ਕਿਸਾਨਾਂ ਨੂੰ ਬੀਮਾ ਯੋਜਨਾ ਲਿਆਂਦਾ ਜਾਵੇਗਾ ਅਤੇ ਕਿਸਾਨਾਂ ਲਈ 16 ਨੁਕਾਤੀ ਐਕਸ਼ਨ ਪਲਾਨ ਬਣਾਇਆ ਗਿਆ ਹੈ, ਜਿਸ ਨਾਲ ਕਿਸਾਨਾਂ ਦੀ ਆਰਥਿਕ ਹਾਲਤ ਵਿੱਚ ਕਾਫੀ ਸੁਧਾਰ ਹੋਵੇਗਾ, ਪਰ ਕਿਸਾਨਾਂ ਦੀ ਆਰਥਿਕ ਹਾਲਤ ਮਜ਼ਬੂਤ ਕਰਨ ਦੀ ਥਾਂ ਦੇਸ਼ ਦੇ ਉਨ੍ਹਾਂ ਲਈ ਘਾਤਕ ਬਿੱਲ ਲਿਆ ਕੇ ਉਨ੍ਹਾਂ ਨੂੰ ਆਤਮ ਹੱਤਿਆ ਦੇ ਰਾਹ ਅਪਣਾਉਣ ਲਈ ਮਜਬੂਰ ਕੀਤਾ ਜਾ ਰਿਹਾ ਹੈ।

# ਬਾਂਦਰਾਂ ਨੂੰ ਸਬਕ ਸਿਖਾਉਣ ਲਈ ਜਿੰਦਾ ਬਾਂਦਰ ਫਾਹੇ ਟੰਗਿਆ ਗਿਆ

ਹੈਦਰਾਬਾਦ, 30 ਜੂਨ (ਪੋਸਟ ਬਿਊਰੋ)- ਕੇਰਲ ਵਿੱਚ ਗਰਭਵਤੀ ਹਥਣੀ ਨੂੰ ਪਟਾਕਿਆਂ ਵਾਲਾ ਅਨਾਨਾਸ਼ ਖੁਆਉਣ ਦੀ ਘਟਨਾ ਨੇ ਲੋਕਾਂ ਨੂੰ ਝੰਜੋੜ ਦਿੱਤਾ ਸੀ। ਇਸ ਵਾਰੀ ਪਸ਼ੂ ਨਾਲ ਕਰੂਰਤਾ ਦੀ ਘਟਨਾ ਤੇਲੰਗਾਨਾ ਦੇ ਖੰਮਮ ਜ਼ਿਲੇ ਵਿੱਚ ਹੋਈ ਹੈ। ਓਥੇ ਬਾਂਦਰਾਂ ਨੂੰ ਸਬਕ ਸਿਖਾਉਣ ਲਈ ਇੱਕ ਬਾਂਦਰ ਫਾਹੇ ਟੰਗ ਦਿੱਤਾ ਗਿਆ। ਇਹ ਮਾਮਲਾ ਇੱਕ ਵੀਡੀਓ ਵਾਇਰਲ ਹੋਣ ਨਾਲ ਬਾਹਰ ਆਇਆ ਹੈ। ਵੀਡੀਓ ਵਿੱਚ ਦਿੱਸਦਾ ਹੈ ਕਿ ਰੁੱਖ ਨਾਲ ਲਟਕੇ ਬਾਂਦਰ ਨੂੰ ਦੋ ਕੁੱਤੇ ਝਪਟਣ ਦੀ ਕੋਸ਼ਿਸ਼ ਕਰ ਰਹੇ ਹਨ। ਪੁਲਸ ਨੇ ਦੱਸਿਆ ਕਿ ਅੰਮਾਪਾਲੇਮ ਪਿੰਡ ਵਿੱਚ ਇੱਕ ਖੇਤ ਵਿੱਚ ਸਾਗੌਨ ਦੇ ਬੂਤੇ ਲਾਏ ਸਨ। ਬਾਂਦਰਾਂ ਦਾ ਝੁੰਡ ਉਨ੍ਹਾਂ ਨੂੰ ਖਰਾਬ ਕਰ ਦਿੰਦਾ ਸੀ। ਇਥੇ ਚੌਕੀਦਾਰ ਸਾਦੂ ਵੈਂਕਟੇਸ਼ਵਰ ਰਾਓ ਅਤੇ ਦੋ ਹੋਰ ਲੋਕਾਂ ਨੇ ਤਿੰਨ ਬਾਂਦਰਾਂ ਨੂੰ ਡੰਡਿਆਂ ਨਾਲ ਕੁੱਟਿਆ। ਜਦੋਂ ਬਾਂਦਰ ਭੱਜਣ ਲੱਗੇ ਤਾਂ ਇੱਕ ਬਾਂਦਰ ਤਿਲਕ ਕੇ ਪਾਣੀ ਦੀ ਟੈਂਕੀ ਵਿੱਚ ਡਿੱਗ ਗਿਆ। ਉਹ ਪਾਣੀ ਵਿੱਚੋਂ ਨਿਕਲਣ ਲਈ ਤੜਫਣ ਲੱਗਾ ਤਾਂ ਦੋਸ਼ੀਆਂ ਨੇ ਉਸ ਨੂੰ ਫੜ ਕੇ ਬਾਕੀ ਬਾਂਦਰਾਂ ਦੇ ਝੁੰਡ ਨੂੰ ਸਬਕ ਸਿਖਾਉਣ ਲਈ ਫਾਹੇ ਨਾਲ ਜਿੰਦਾ ਲਟਕਾ ਦਿੱਤਾ। ਪੁੱਛਗਿੱਛ ਵਿੱਚ ਦੋਸ਼ੀਆਂ ਨੇ ਆਪਣਾ ਦੋਸ਼ ਮੰਨ ਲਿਆ। ਉਨ੍ਹਾਂ ਦਾ ਦਾਅਵਾ ਹੈ ਕਿ ਉਨ੍ਹਾਂ ਨੇ ਬਾਂਦਰ ਨੂੰ ਮਰਿਆ ਸਮਝ ਕੇ ਫਾਹੇ ਲਟਕਾਇਆ ਸੀ। ਉਨ੍ਹਾਂ ਨੂੰ ਲੱਗਾ ਕਿ ਉਸ ਦੀ ਲਾਸ਼ ਦੇਖ ਕੇ ਬਾਕੀ ਬਾਂਦਰ ਉਥੇ ਨਹੀਂ ਆਉਣਗੇ। ਰੱਸੀ ਨਾਲ ਲਟਕਾਉਣ ਪਿੱਛੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਉਹ ਜਿੰਦਾ ਸੀ। ਦੋਸ਼ੀਆਂ ਦੇ ਖਿਲਾਫ ਜੰਗਲੀ ਜੀਵਨ ਨਿਯਮ ਹੇਠ ਕੇਸ ਦਰਜ ਕੀਤਾ ਗਿਆ ਹੈ।

## ਪੁਲਸ ਵਰਦੀ ਵਿੱਚ ਲੁਟੇਰਿਆਂ ਨੇ ਬੱਚੇ ਨੂੰ ਗੰਨ ਪੁਆਇੰਟ ਉਤੇ ਲੈ ਕੇ ਸੱਤ ਲੱਖ ਰੁਪਏ, 15 ਤੋਲੇ ਸੋਨਾ ਲੁੱਟਿਆ

ਅੰਮ੍ਰਿਤਸਰ, 30 ਜੂਨ (ਪੋਸਟ ਬਿਊਰੋ)- ਸਰਹੱਦੀ ਪਿੰਡ ਅਟਾਰੀ ਵਿੱਚ ਕੱਲ੍ਹ ਫਿਲਮੀ ਅੰਦਾਜ਼ ਵਿੱਚ ਸੱਤ ਲੁਟੇਰੇ ਇੱਕ ਘਰ ਵਿੱਚ ਵੜੇ ਅਤੇ ਦੋ ਸਾਲ ਦੇ ਬੱਚੇ ਨੂੰ ਗੰਨ ਪੁਆਇੰਟ 'ਤੇ ਲੈ ਕੇ ਸੱਤ ਲੱਖ ਰੁਪਏ ਕੈਸ਼, 15 ਤੋਲੇ ਸੋਨਾ ਅਤੇ 12 ਬੋਰ ਦੀ ਲਾਇਸੈਂਸੀ ਦੋਨਾਲੀ ਬੰਦੂਕ ਲੁੱਟ ਕੇ ਫਰਾਰ ਹੋ ਗਏ। ਜਿਸ ਪਰਵਾਰ ਨੂੰ ਲੁੱਟਿਆ ਗਿਆ, ਉਨ੍ਹਾਂ ਦੇ ਘਰ ਵਿੱਚ ਇੱਕ ਏ ਟੀ ਐੱਮ ਲੱਗਾ ਹੈ। ਘਰ ਵਿੱਚ ਸੱਤ ਲੱਖ ਦੀ ਨਕਦੀ ਏ ਟੀ ਐੱਮ ਵਿੱਚ ਪਾਉਣ ਲਈ ਰੱਖੀ ਗਈ ਸੀ।

ਪਤਾ ਲੱਗਾ ਹੈ ਕਿ ਸੱਤ ਲੁਟੇਰਿਆਂ ਵਿੱਚੋਂ ਚਾਰ ਜਣੇ ਘਰ ਵਿੱਚ ਆਏ। ਇਨ੍ਹਾਂ ਚਾਰਾਂ ਵਿੱਚੋਂ ਦੋ ਨੇ ਪੁਲਸ ਦੀ ਵਰਦੀ ਅਤੇ ਦੋ ਨੇ ਪੁਲਸ ਵਲੰਟੀਅਰ ਦੀ ਵਰਦੀ ਪਾਈ ਹੋਈ ਸੀ। ਉਨ੍ਹਾਂ ਦੇ ਤਿੰਨ ਸਾਥੀ ਬਾਹਰ



ਗੱਡੀ ਵਿੱਚ ਬੈਠੇ ਰਹੇ। ਡੀ ਐੱਸ ਪੀ ਗੁਰਪ੍ਰਤਾਪ ਸਿੰਘ ਸਹੋਤਾ ਨੇ ਕਿਹਾ ਕਿ ਲੁਟੇਰੇ ਪੁਲਸ ਮੁਲਾਜ਼ਮ ਹੀ ਸਨ ਜਾਂ ਉਨ੍ਹਾਂ ਦੀ ਵਰਦੀ ਪਾ ਕੇ ਆਏ ਸਨ, ਇਸ ਦੀ ਜਾਂਚ ਚੱਲ ਰਹੀ ਹੈ ਅਤੇ ਜਲਦੀ ਹੀ ਲੁਟੇਰੇ ਪੁਲਸ ਦੀ ਪਕੜ ਵਿੱਚ ਹੋਣਗੇ।

ਘਰ ਦੇ ਮਾਲਕ ਜਸਵਿੰਦਰ ਸਿੰਘ ਦੇ ਦੱਸਣ ਅਨੁਸਾਰ ਕੱਲ੍ਹ ਸਵੇਰੇ ਸਾਢੇ ਸੱਤ ਵਜੇ ਪਹਿਲਾਂ ਪੁਲਸ ਵਰਦੀ ਵਿੱਚ ਦੋ ਨੌਜਵਾਨ ਆਏ ਅਤੇ ਬਾਹਰ ਖੜ੍ਹੀ ਕਾਰ ਦੇਖਦੇ ਹੋਏ ਕਿਹਾ ਕਿ ਪੁਲਸ ਨੂੰ ਸ਼ੱਕ ਹੈ ਕਿ ਉਨ੍ਹਾਂ ਦੀ ਗੱਡੀ ਨਾਲ ਐਕਸੀਡੈਂਟ ਹੋਇਆ ਹੈ, ਇਸ ਲਈ ਗੱਡੀ ਦੇ ਕਾਗਜ਼ ਦਿਖਾਉਣ। ਉਸੇ ਸਮੇਂ ਪੁਲਸ ਵਲੰਟੀਅਰ ਦੀ ਯੂਨੀਫਾਰਮ ਵਿੱਚ ਦੋ ਜਣੇ ਉਥੇ ਪਹੁੰਚੇ ਅਤੇ ਕੋਕਾ ਕੋਲਾ ਦਾ ਇੱਕ ਕ੍ਰੇਟ ਮੰਗਿਆ। ਉਹ ਜਦੋਂ ਉਨ੍ਹਾਂ ਨੂੰ ਕਾਗਜ਼ ਦਿਖਾਉਣ ਅੰਦਰ ਗਏ, ਅਚਾਨਕ ਨੌਜਵਾਨਾਂ ਨੇ ਪਿਸਤੌਲ ਕੱਢ ਲਈ ਅਤੇ ਘਰ ਵਿੱਚ ਮੌਜੂਦ ਉਨ੍ਹਾਂ ਦੀ ਪਤਨੀ, ਨੂੰਹ ਅਤੇ ਦੋ ਸਾਲ ਦੇ ਪੋਤੇ ਨੂੰ ਬੰਦੀ ਬਣਾ ਕੇ ਪੋਤੇ ਨੂੰ ਗਨ ਪੁਆਇੰਟ ਉਤੇ ਲੈ ਲਿਆ। ਇਸ ਤੋਂ ਉਨ੍ਹਾਂ ਦਾ ਪਰਵਾਰ ਘਬਰਾ ਗਿਆ ਅਤੇ ਚਾਬੀਆਂ ਸੌਂਪ ਦਿੱਤੀਆਂ। ਦੋ ਲੁਟੇਰੇ ਉਥੇ ਹੀ ਖੜ੍ਹੇ ਰਹੇ, ਜਦ ਕਿ ਦੋ ਲੁਟੇਰਿਆਂ ਨੇ ਲੁੱਟ-ਮਾਰ ਦਾ ਸਾਰਾ ਕੰਮ ਕੀਤਾ।

## ਪੁਲ ਦੀ ਰੇਲਿੰਗ ਨਾਲ ਮੋਟਰ ਸਾਈਕਲ ਵੱਜ ਕੇ ਪਤੀ-ਪਤਨੀ ਦੀ ਮੌਤ

